# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 08.02.2019 ਨੂੰ ਸਵੇਰੇ 10.00 ਵਜੇ

ਅੱਜ ਮਿਤੀ 08.02.2019 ਨੂੰ ਸਵੇਰੇ 10.00 ਵਜੇ ਸ਼੍ਰੀ ਬਲਵੰਤ ਰਾਏ 'ਨਾਥ', ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਸ਼੍ਰੀਮਤੀ ਪ੍ਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਸਰਾਂ | 9 | ਕੌਂਸਲਰ |
| 10 | ਹਰਜਿੰਦਰ ਸਿੰਘ ਸ਼ਿੰਦਾ | 11 | ਕੌਂਸਲਰ |
| 11 | ਪੰਕਜ ਅਰੋੜਾ | 12 | ਕੌਂਸਲਰ |
| 12 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 13 | ਰਾਜਪ੍ਰੀਤ ਕੌਰ ਬਰਾੜ | 14 | ਕੌਂਸਲਰ |
| 14 | ਬਲਜੀਤ ਸਿੰਘ ਬੀੜਬਹਿਮਣ | 15 | ਕੌਂਸਲਰ |
| 15 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 16 | ਹਰਮਿੰਦਰ ਸਿੰਘ | 17 | ਕੌਂਸਲਰ |
| 17 | ਰਾਜਾ ਸਿੰਘ | 18 | ਕੌਂਸਲਰ |
| 18 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 19 | ਦਰਸ਼ਨ ਕੁਮਾਰ | 20 | ਕੌਂਸਲਰ |
| 20 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 21 | ਸੁਖਮਿੰਦਰ ਸਿੰਘ | 22 | ਕੌਂਸਲਰ |
| 22 | ਕਮਲੇਸ਼ ਰਾਣੀ | 23 | ਕੌਂਸਲਰ |
| 23 | ਪਿਯੰਕਾ ਗੋਇਲ | 24 | ਕੌਂਸਲਰ |
| 24 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 25 | ਦਰਸ਼ਨਾ ਰਾਣੀ | 26 | ਕੌਂਸਲਰ |
| 26 | ਰਾਜ ਕੁਮਾਰ | 27 | ਕੌਂਸਲਰ |
| 27 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 28 | ਤਰਲੋਚ ਸਿੰਘ | 29 | ਕੌਂਸਲਰ |
| 29 | ਪ੍ਰੀਤਮ ਕੌਰ | 31 | ਕੌਂਸਲਰ |
| 30 | ਸ਼ਾਮ ਲਾਲ ਜੈਨ | 32 | ਕੌਂਸਲਰ |
| 31 | ਕਰਮਜੀਤ ਕੌਰ ਗਿਆਨਾ | 34 | ਕੌਂਸਲਰ |
| 32 | ਜਗਰਾਜ ਸਿੰਘ | 36 | ਕੌਂਸਲਰ |
| 33 | ਹਰਜਿੰਦਰ ਸਿੰਘ ਟੋਨੀ | 37 | ਕੌਂਸਲਰ |
| 34 | ਸੰਤੋਸ਼ ਕੁਮਾਰੀ ਮਹੰਤ | 38 | ਕੌਂਸਲਰ |
| 35 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 36 | ਛਿੰਦਰ ਕੌਰ | 40 | ਕੌਂਸਲਰ |
| 37 | ਅੰਜਨਾ ਰਾਣੀ | 41 | ਕੌਂਸਲਰ |
| 38 | ਪ੍ਰਦੀਪ ਗੋਇਲ | 42 | ਕੌਂਸਲਰ |
| 39 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 40 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 41 | ਸੁਖਵਿੰਦਰ ਕੌਰ | 45 | ਕੌਂਸਲਰ |
| 42 | ਹਰਵਿੰਦਰ ਕੁਮਾਰ ਸ਼ਰਮਾ | 46 | ਕੌਂਸਲਰ |
| 43 | ਨਿਰਮਲ ਕੌਰ | 47 | ਕੌਂਸਲਰ |
| 44 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 45 | ਗੁਰਮੀਤ ਕੌਰ | 49 | ਕੌਂਸਲਰ |
| 46 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਅੱਜ ਦੀ ਮੀਟਿੰਗ ਵਿੱਚ ਏਜੰਡਾ ਲੜੀ ਨੰ: 8 ਦੀ ਲੜੀ ਨੰ: 57 ਤੇ ਦਰਜ਼ ਡੀ.ਏ.ਵੀ ਕਾਲਜ ਵਿੱਚ ਬਣਨ ਵਾਲੇ ਪਾਰਕ ਅਤੇ ਸੈਰਗਾਹ ਵਾਲੇ ਪ੍ਰੋਜੈਕਟ ਦਾ ਨਾਮ ਨੇਤਾ ਜੀ ਸੁਭਾਸ਼ ਚੰਦਰ ਬੋਸ ਲੇਕ ਵਿਊ ਪਾਰਕ, ਲੜੀ ਨੰ: 58 ਤੇ ਦਰਜ਼ ਸੰਜੇ ਨਗਰ ਪੌਂਡ ਵਿੱਚ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਡਾ: ਬੀ.ਆਰ.ਅੰਬੇਦਕਰ ਲੇਕ ਵਿਊ ਪਾਰਕ ਅਤੇ ਲੜੀ ਨੰ: 59 ਤੇ ਦਰਜ਼ ਸੰਗੂਆਣਾ ਬਸਤੀ ਵਿਖੇ ਅਮਰਪੁਰਾ ਪੌਂਡ ਵਿਖੇ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਸ੍ਰੀ ਗੁਰੂ ਅਮਰ ਦਾਸ ਲੇਕ ਵਿਊ ਪਾਰਕ ਕੀਤਾ ਜਾਵੇ। ਇਸਤੇ ਸਰਵ-ਸੰਮਤੀ ਨਾਲ ਸਮੁੱਚੇ ਹਾਊਸ ਵੱਲੋਂ ਪ੍ਰਵਾਨਗੀ ਦਿੱਤੀ ਗਈ।

ਸ੍: ਹਰਜਿੰਦਰ ਸਿੰਘ ਟੋਨੀ ਅਤੇ ਸ੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨ ਨੇ ਵੀ ਕਿਹਾ ਕਿ ਸੰਗੂਆਣਾ ਅਮਰਪੁਰਾ ਬਸਤੀ ਵਿਖੇ ਬਣੇ ਛੱਪੜ ਵਿੱਚ ਬਣਨ ਜਾ ਰਹੇ ਪ੍ਰੋਜੈਕਟ ਦਾ ਨਾਮ ਸ੍ਰੀ ਗੁਰੂ ਅਮਰ ਦਾਸ ਲੇਕ ਵਿਊ ਪਾਰਕ ਰੱਖਿਆ ਜਾਵੇ।

ਸ੍ਰੀ ਜਗਰੂਪ ਸਿੰਘ ਗਿੱਲ,ਕੌਂਸਲਰ ਨੇ ਕਿਹਾ ਕਿ ਪਰਸ ਰਾਮ ਨਗਰ ਮੇਨ ਰੋਡ ਨੂੰ 80 ਫੁੱਟ ਚੋੜੀ ਕਰਨ ਖਾਤਰ ਆਮ ਪਬਲਿਕ ਪਾਸੋਂ ਇਤਰਾਜ਼ ਮੰਗੇ ਗਏ ਸਨ। ਉਹਨਾਂ ਪੁੱਛਿਆ ਕਿ ਕੀ ਪ੍ਰਾਪਤ ਹੋਏ ਇਤਰਾਜ਼ ਫਾਇਨਲ ਕਰ ਦਿੱਤੇ ਗਏ ਹਨ ਜਾਂ ਨਹੀਂ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਸ੍ਰੀ ਸੰਦੀਪ ਗੁਪਤਾ, ਨਿਗਰਾਨ ਇੰਜੀਨੀਅਰ ਪ੍ਰਮੁੱਖ ਸਕੱਤਰ ਜੀ ਦੀ ਮੀਟਿੰਗ ਵਿੱਚ ਗਏ ਹੋਏ ਹਨ। ਉਹਨਾਂ ਦੇ ਆਉਣ ਤੇ ਜਵਾਬ ਦਿੱਤਾ ਜਾਵੇਗਾ।

ਸ੍: ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵੀ ਕਈ ਥਾਂਈਂ ਪਾਣੀ ਅਤੇ ਸੀਵਰੇਜ਼ ਦੀਆਂ ਪਾਈਪਾਂ ਮਿਸਿੰਗ ਹਨ। ਉਹਨਾਂ ਜਲਦ ਤੋਂ ਜਲਦ ਇਹ ਪਾਈਪਾਂ ਪਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਜੇਕਰ ਕੰਮ ਤ੍ਰਿਵੇਣੀ ਵੱਲੋਂ ਕੀਤਾ ਜਾਣਾ ਹੈ ਤਾਂ ਜਲਦ ਤੋਂ ਜਲਦ ਕੰਮ ਕਰਵਾ ਦਿੱਤਾ ਜਾਵੇਗਾ। ਜੇਕਰ ਇਹ ਤ੍ਰਿਵੇਣੀ ਦੇ ਸਕੋਪ ਵਿੱਚ ਨਾ ਹੋਇਆ ਤਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਪਾਣੀ ਅਤੇ ਸੀਵਰੇ ਦੇ ਮਿਸਿੰਗ ਲਿੰਕ ਪਾਉਣ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਸ੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਕਈ ਥਾਂਈਂ ਪੀਣ ਵਾਲੇ ਪਾਣੀ ਦੀਆਂ ਪਾਈਪਾਂ ਤਕਰੀਬਨ 10 ਫੁੱਟ ਡੂੰਘੀਆਂ ਹੋ ਚੁੱਕੀਆਂ ਹਨ। ਉਹਨਾਂ ਨਵੀਂਆ ਪਾਈਪਾਂ ਪਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਵੀਰ ਕਲੋਨੀ, ਸ਼ਕਤੀ ਨਗਰ ਅਤੇ ਨਿਊ ਸ਼ਕਤੀ ਨਗਰ ਦੇ ਪਾਰਕਾਂ ਵਿੱਚ ਵੀ ਓਪਨ ਏਅਰ ਜਿੰਮ ਲਗਾਏ ਜਾਣ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਕਿਹਾ ਕਿ ਕੋਰਟ ਰੋਡ ਤੇ ਬਿਜਲੀ ਦੀਆਂ ਤਾਰਾਂ ਦਾ ਬਹੁਤ ਬੁਰਾ ਹਾਲ ਹੈ। ਉਹਨਾਂ ਇਹ ਸੜ੍ਹਕ ਵੀ ਅੰਡਰਗਰਾਊਂਡ ਕੇਬਲ ਪਾਉਣ ਵਿੱਚ ਸ਼ਾਮਲ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਇਸ ਸੜ੍ਹਕ ਨੂੰ ਵੀ ਅੰਡਰਗਰਾਊਂਡ ਕੇਬਲ ਪਾਉਣ ਵਿੱਚ ਸ਼ਾਮਲ ਕਰ ਲਿਆ ਜਾਵੇ। ਸ੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਇਹ ਵੀ ਮੰਗ ਕੀਤੀ ਕਿ ਬਾਦਲ ਰੋਡ ਤੇ ਬਣੇ ਨੰਨੀ ਛਾਂ ਵਾਲੇ ਚੋਂਕ ਨੂੰ ਵੀ ਸੁੰਦਰ ਬਣਾਇਆ ਜਾਵੇ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਕਿਉਂ ਜੋ ਇਹ ਚੋਕ ਬੀ.ਡੀ.ਏ ਵੱਲੋਂ ਬਣਾਇਆ ਗਿਆ ਹੈ, ਇਸ ਲਈ ਬੀ.ਡੀ.ਏ. ਨੂੰ ਜਲਦ ਤੋਂ ਜਲਦ ਪੱਤਰ ਲਿਖ ਕੇ ਚੌਂਕ ਨੂੰ ਸੁੰਦਰ ਬਨਾਉਣ ਸਬੰਧੀ ਕਾਰਵਾਈ ਕੀਤੀ ਜਾਵੇ।ਸ੍ਰੀਮਤੀ ਗੁਰਿੰਦਰਪਾਲ ਕੋਰ ਮਾਂਗਟ, ਡਿਪਟੀ ਮੇਅਰ ਨੇ ਇਹ ਵੀ ਮੰਗ ਕੀਤੀ ਕਿ ਨਹਿਰ ਤੇ ਫੁਹਾਰੇ ਠੀਕ ਕਰਵਾ ਕੇ ਚਾਲੂ ਕਰਵਾਏ ਜਾਣ ਅਤੇ ਭਾਈ ਘਨਇਆ ਚੌਂਕ ਵਿੱਚ ਗਜ਼ੀਬੋ ਲਗਾਈ ਜਾਵੇ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਜਲਦ ਤੋਂ ਜਲਦ ਨਗਰ ਨਿਗਮ ਵੱਲੋਂ ਬਣਦੇ ਕੰਮ ਕਰਵਾਏ ਜਾਣ।

ਸ੍: ਬੇਅੰਤ ਸਿੰਘ ਰੰਧਾਵਾ,ਕੌਂਸਲਰ ਨੇ ਕਿਹਾ ਕਿ ਬੱਲਾ ਰਾਮ ਨਗਰ ਰੋਡ 40 ਫੁੱਟੀ ਹੈ। ਪਰੰਤੂ ਇਸ ਸੜ੍ਹਕ ਤੇ ਬਿਜਲੀ ਦੇ ਖੰਭੇ ਹੋਣ ਕਾਰਨ ਇਹ ਸਿਰਫ 20 ਫੁੱਟ ਹੀ ਰਹਿ ਜਾਂਦੀ ਹੈ। ਉਹਨਾਂ ਇਸ ਸੜ੍ਹਕ ਤੇ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਦੀ ਮੰਗ ਕੀਤੀ। ਇਸਤੇ ਵਿਚਾਰ ਕਰਦੇ ਹੋਏ ਇਸ ਸੜ੍ਹਕ ਤੇ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਦਾ ਫੈਸਲਾ ਕੀਤਾ ਗਿਆ।

ਸ੍: ਸੁਖਮਿੰਦਰ ਸਿੰਘ, ਕੌਂਸਲਰ ਨੇ ਕਿਹਾ ਕਿ ਨਾਮਦੇਵ ਰੋਡ ਕਮਰਸ਼ੀਅਲ ਰੋਡ ਹੈ। ਉਹਨਾਂ ਇਸ ਸੜ੍ਹਕ ਤੇ ਬਿਜਲੀ ਦੀਆਂ ਤਾਰਾਂ ਅੰਡਰਗਰਾਊਂਡ ਕਰਨ ਦੀ ਮੰਗ ਕੀਤੀ। ਇਸਤੇ ਵਿਚਾਰ ਕਰਦੇ ਹੋਏ ਨਾਮਦੇਵ ਰੋਡ ਤੇ ਬਿਜਲੀ ਦੀਆਂ ਤਾਰਾਂ ਅੰਡਰਗਰਾਉਂਡ ਕਰਨਾ ਪਾਸ ਕੀਤਾ ਜਾਂਦਾ ਹੈ।

ਸ੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਸਾਲ 2017 ਦੀ ਜਨਰਲ ਹਾਊਸ ਦੀ ਮੀਟਿੰਗ ਵਿੱਚ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮਾਂ ਦੇ ਤਖਮੀਨੇ ਪਾਸ ਕੀਤੇ ਹੋਏ ਹਨ। ਪਰੰਤੂ ਅਜੇ ਤੱਕ ਇਹ ਵਿਕਾਸ ਦੇ ਕੰਮ ਨਹੀਂ ਹੋਏ। ਉਹਨਾਂ ਜਲਦ ਤੋਂ ਜਲਦ ਵਿਕਾਸ ਦੇ ਕੰਮ ਕਰਾਉਣ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਤੋਂ ਜਲਦ ਵਿਕਾਸ ਦੇ ਕੰਮ ਕਰਵਾਏ ਜਾਣ।

ਸ੍ਰੀ ਰਾਜਾ ਸਿੰਘ, ਕੌਂਸਲਰ ਨੇ ਕਿਹਾ ਉਹਨਾਂ ਦੇ ਵਾਰਡ ਦੀਆਂ ਦੋ-ਤਿੰਨ ਗਲੀਆਂ ਵਿੱਚ ਪੀਣ ਵਾਲਾ ਪਾਣੀ ਮਿਕਸ ਹੋ ਕੇ ਆ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦਾ ਹੱਲ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਨ ਦੀ ਹਦਾਇਤ ਕੀਤੀ।

ਸ੍ਰੀਮਤੀ ਪ੍ਰੀਤਮ ਕੋਰ ਰੋਮਾਣਾ, ਕੌਂਸਲਰ ਨੇ ਗੁਰੂ ਨਾਨਕ ਨਗਰ ਵਿਖੇ ਬਾਬਾ ਬਚਿਤਰ ਸਿੰਘ ਯਾਦਗਾਰੀ ਗੇਟ ਬਨਾਉਣ ਦੀ ਮੰਗ ਕੀਤੀ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਗੁਰੂ ਨਾਨਕ ਨਗਰ ਵਿਖੇ ਬਾਬਾ ਬਚਿਤਰ ਸਿੰਘ ਯਾਦਗਾਰੀ ਗੇਟ ਬਣਾ ਦਿੱਤਾ ਜਾਵੇ।

ਸ੍: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਦੀ ਪਰਸ ਰਾਮ ਨਗਰ ਰੋਡ ਤੇ ਨਗਰ ਨਿਗਮ ਵੱਲੋਂ ਪੱਥਰ ਪਾ ਦਿੱਤਾ ਗਿਆ ਹੈ, ਜਦਕਿ ਅਜੇ ਤੱਕ ਪੀ.ਸੀ. ਨਹੀਂ ਪਾਈ ਗਈ। ਉਹਨਾਂ ਕਿਹਾ ਕਿ ਹੁਣ ਇਹ ਪੱਥਰ ਖਿੰਡ-ਪੁੰਡ ਰਹੇ ਹਨ ਅਤੇ ਰੋਜ਼ਾਨਾ ਹਾਦਸੇ ਹੋ ਰਹੇ ਹਨ। ਉਹਨਾਂ ਜਲਦ ਤੋਂ ਜਲਦ ਪੀ.ਸੀ. ਪਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਉਹ ਜਲਦ ਹੀ ਇਸ ਸਬੰਧੀ ਬਣਦੀ ਕਾਰਵਾਈ ਕਰਨਗੇ।

ਸ੍ਰੀ ਜਸਵੀਰ ਸਿੰਘ ਜੱਸਾ,ਕੌਂਸਲਰ ਨੇ ਕਿਹਾ ਕਿ ਜ਼ੋਗਰ ਪਾਰਕ ਵਿੱਚ ਬੈਂਚ ਘੱਟ ਹੋਣ ਕਾਰਨ ਬਜ਼ੁਰਗਾਂ ਅਤੇ ਔਰਤਾਂ ਨੂੰ ਬੈਠਣ ਵਿੱਚ ਦਿੱਕਤ ਪੇਸ਼ ਆਉਂਦੀ ਹੈ। ਉਹਨਾਂ ਜ਼ੋਗਰ ਪਾਰਕ ਵਿਖੇ ਨਵੇਂ ਬੈਂਚ ਲਗਾਉਣ ਦੀ ਮੰਗ

ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਸ਼੍ਰੀਮਤੀ ਹਰਸਿਮਰਤ ਕੋਰ ਬਾਦਲ, ਮਾਨਯੋਗ ਫੂਡ ਪ੍ਰੋਸੈਸਿੰਗ ਮੰਤਰੀ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਨਵੇਂ ਬੈਂਚ ਬਨਾਉਣ ਲਈ 15.00 ਲੱਖ ਰੁਪਏ ਦੀ ਗਰਾਂਟ ਦਿੱਤੀ ਗਈ ਹੈ। ਇਸ ਗਰਾਂਟ ਨਾਲ ਜਲਦ ਹੀ ਨਵੇਂ ਬੈਂਚ ਬਣਾ ਕੇ ਜ਼ੋਗਰ ਪਾਰਕ ਅਤੇ ਹੋਰ ਪਾਰਕਾਂ ਵਿੱਚ ਲਗਾਏ ਜਾਣਗੇ। ਸ਼੍ਰੀ ਜਸਵੀਰ ਸਿੰਘ ਜੱਸਾ, ਕੋਂਸਲਰ ਨੇ ਕਿਹਾ ਕਿ ਅਮਰੀਕ ਸਿੰਘ ਰੋਡ ਤੇ ਫੁੱਟਪਾਥ ਤੇ ਟਾਇਲਾਂ ਲਗਾਉਣ ਦਾ ਕੰਮ ਚੱਲ ਰਿਹਾ ਸੀ, ਜੋ ਵਿਚਾਲੇ ਹੀ ਛੱਡ ਦਿੱਤਾ ਗਿਆ ਹੈ। ਉਹਨਾਂ ਜਲਦ ਤੋਂ ਜਲਦ ਕੰਮ ਪੂਰਾ ਕਰਨ ਦੀ ਮੰਗ ਕੀਤੀ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਜਲਦ ਹੀ ਕੰਮ ਪੂਰਾ ਕਰਵਾਇਆ ਜਾਵੇ।

ਸ਼੍ਰੀ ਗੁਰਬਚਨ ਸਿੰਘ ਖੁੱਬਣ, ਕੋਂਸਲਰ ਨੇ ਕਿਹਾ ਕਿ ਉਹਨਾਂ ਦੇ ਵਾਰਡ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਤਖਮੀਨੇ ਤਾਂ ਪਾਸ ਹਨ, ਪਰੰਤੂ ਅਜੇ ਤੱਕ ਕੰਮ ਨਹੀਂ ਹੋ ਰਹੇ। ਉਹਨਾਂ ਜਲਦ ਤੋਂ ਜਲਦ ਵਿਕਾਸ ਦੇ ਕੰਮ ਕਰਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਨਗਰ ਨਿਗਮ ਪਾਸ ਲੋੜੀਂਦੇ ਫੰਡਜ਼ ਨਾ ਹੋਣ ਕਾਰਨ ਕੰਮ ਕਰਾਉਣ ਵਿੱਚ ਦਿੱਕਤ ਆ ਰਹੀ ਸੀ। ਹੁਣ ਜਲਦ ਹੀ ਰਹਿੰਦੇ ਵਿਕਾਸ ਦੇ ਕੰਮ ਕਰਵਾ ਦਿੱਤੇ ਜਾਣਗੇ।

ਸ਼੍ਰੀ ਰਾਜਿੰਦਰ ਸਿੰਘ ਸਿੱਧੂ, ਕੋਂਸਲਰ ਨੇ ਮੰਗ ਕੀਤੀ ਕਿ ਹਜ਼ੂਰਾ ਕਪੂਰਾ ਕਲੋਨੀ, ਮਾਤਾ ਜੀਵੀ ਨਗਰ ਅਤੇ ਇਸਦੇ ਆਸ-ਪਾਸ ਦੇ ਵਸਨੀਕਾਂ ਨੂੰ ਨੇੜੇ ਤੇੜੇ ਕੋਈ ਕੰਮਿਊਨਿਟੀ ਹਾਲ ਨਾ ਹੋਣ ਕਾਰਨ ਉਹਨਾਂ ਨੂੰ ਆਪਣੇ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮ ਕਰਨ ਲਈ ਬਹੁਤ ਜਿਆਦਾ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਜ਼ੋਗਰ ਪਾਰਕ ਵਿਖੇ ਜਲਦ ਤੋਂ ਜਲਦ ਝੀਲ ਨੰਬਰ 4 ਪਾਸ ਮਿਊਂਸਪਲ ਕੰਮਿਊਨਿਟੀ ਹਾਲ ਬਨਾਉਣ ਦੀ ਮੰਗ ਕੀਤੀ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਝੀਲ ਨੰਬਰ 4 ਪਾਸ ਮਿਊਂਸਪਲ ਕੰਮਿਊਨਿਟੀ ਹਾਲ ਬਣਾ ਦਿੱਤਾ ਜਾਵੇ।

ਸ਼੍ਰੀਮਤੀ ਨੀਲਮ ਰਾਣੀ ਜਿੰਦਲ, ਕੋਂਸਲਰ ਨੇ ਪੂਜਾਂ ਵਾਲਾ ਮੁੱਹਲਾ ਵਿਖੇ ਸਬ ਵਾਟਰ ਵਰਕਸ ਬਨਾਉਣ ਲਈ ਰੱਖੇ ਪ੍ਰਸਤਾਵ ਸਬੰਧੀ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਉਹਨਾਂ ਮੰਗ ਕੀਤੀ ਕਿ ਲੋਕਾਂ ਨੂੰ ਪੀਣ ਵਾਲੇ ਪਾਣੀ ਤੋਂ ਆ ਰਹੀ ਦਿੱਕਤ ਨੂੰ ਦੇਖਦੇ ਹੋਏ ਜਲਦ ਤੋਂ ਜਲਦ ਪੀਣ ਵਾਲੇ ਪਾਣੀ ਦੀ ਟੈਂਕੀ ਬਣਾਈ ਜਾਵੇ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ,ਕੋਂਸਲਰ ਨੇ ਕਿਹਾ ਕਿ ਸੰਗੂਆਣਾ ਬਸਤੀ ਵਿਖੇ ਸਾਲ 1954 ਤੋਂ ਸਰਕਾਰੀ ਸਕੂਲ ਚੱਲ ਰਿਹਾ ਹੈ। ਉਹਨਾਂ ਜਾਣੂ ਕਰਵਾਇਆ ਕਿ ਇਸ ਸਕੂਲ ਦੀ ਕਈ ਥਾਂਈਂ ਜਗ੍ਹਾ ਬੈਠ ਗਈ ਹੈ। ਇਸ ਨਾਲ ਬੱਚਿਆਂ ਦੇ ਪੜ੍ਹਨ ਵਾਲੇ ਕਮਰਿਆਂ ਵਿੱਚ ਤਰੇੜਾਂ ਆ ਗਈਆਂ ਹਨ। ਉਹਨਾਂ ਕਿਹਾ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ, ਇਸ ਲਈ ਜਲਦ ਤੋਂ ਜਲਦ ਸਮੱਸਿਆ ਦਾ ਹੱਲ ਕਰਵਾਇਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਨੇ ਕਿਹਾ ਕਿ ਜਲਦ ਹੀ ਡੀ.ਈ.ਓ ਨੂੰ ਪੱਤਰ ਲਿਖ ਕੇ ਸਮੱਸਿਆ ਦਾ ਹੱਲ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਜਾਵੇਗੀ।

ਮਾਨਯੋਗ ਮੇਅਰ ਸਾਹਿਬ ਨੇ ਹਦਾਇਤ ਕੀਤੀ ਕਿ ਬਠਿੰਡਾ ਸ਼ਹਿਰ ਦੀਆਂ ਸਾਰੀਆਂ ਸਰਕਾਰੀ ਬਿਲਡਿੰਗਾਂ ਅਤੇ ਹਸਪਤਾਲ, ਸਕੂਲ, ਕਾਲਜ, ਹੋਟਲ , ਹੋਸਟਲ, ਗੋਲ ਡਿੱਗੀ, ਅਤੇ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀਆਂ ਸਾਰੀਆਂ ਟੈਂਕੀਆਂ ਤੇ ਪੇਂਟ ਕਰਨ ਲਈ ਪੱਤਰ ਲਿਖੇ ਜਾਣ ਅਤੇ ਸਵੱਛ ਭਾਰਤ ਸਬੰਧੀ ਸਲੋਗਨ ਵੀ ਲਿਖਵਾਏ ਜਾਣ, ਤਾਂ ਜੋ ਬਠਿੰਡਾ ਸ਼ਹਿਰ ਦੀ ਦਿੱਖ ਨੂੰ ਹੋਰ ਜਿਆਦਾ ਖੂਬਸੂਰਤ ਬਣਾਇਆ ਜਾ ਸਕੇ। ਇਸਤੋਂ ਇਲਾਵਾ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਵਿਖੇ ਸੁਪਰਵੀਜ਼ਨ ਕਰਨ ਲਈ ਆਊਟਸੋਰਸ ਤੇ ਸੁਪਰਵਾਇਜ਼ਰ ਵੀ ਰੱਖ ਲਿਆ ਜਾਵੇ ਤਾਂ ਜੋ ਰੋਜ਼ ਗਾਰਡਨ ਅਤੇ ਜ਼ੋਗਰ ਪਾਰਕ ਦੀ ਖੂਬਸੂਰਤੀ ਬਣੀ ਰਹੇ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।

**<u>ਏਜੰਡਾ ਨੰਬਰ 1 :</u>**

ਮੀਟਿੰਗ ਮਿਤੀ 21.12.2018 ਦੀ ਕਾਰਵਾਈ ਦੀ ਪਕਿਆਈ।

**<u>ਮਤਾ ਨੰਬਰ 102:</u>** **ਮੀਟਿੰਗ ਮਿਤੀ 21.12.2018 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

**<u>ਏਜੰਡਾ ਨੰਬਰ: 2:</u>**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕੰਸ: ਆਫ ਸਬ ਵਾਟਰ ਵਰਕਸ ਨੀਅਰ ਪੂਜਾਂ ਵਾਲਾ ਮੁੱਹਲਾ ਐਟ ਬਠਿੰਡਾ ਦਾ ਮੁਬਲਿਗ 186.67 ਲੱਖ ਰੁਪਏ ਦਾ ਤਖਮੀਨਾ Executive Engineer (D-1) Engineer-in-Chief - cum Technical Advisor, PWSSB ਚੰਡੀਗੜ੍ਹ ਵੱਲੋਂ ਉਹਨਾਂ ਦੇ ਪੱਤਰ ਨੰ: 23516 ਮਿਤੀ 27.12.2018 ਰਾਹੀਂ ਪ੍ਰਾਪਤ ਹੋਇਆ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 103:</u>** **ਪ੍ਰਵਾਨ ਹੈ।**

**<u>ਏਜੰਡਾ ਨੰਬਰ: 3:</u>**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਵੱਲੋਂ ਮੁਬਲਿਗ 145.95 ਲੱਖ ਰੁਪਏ ਦਾ ਤਖਮੀਨਾ ਰਾਮਦਾਸ ਨਗਰ, ਕਰਨੈਲ ਨਗਰ ਅਤੇ ਮਹੇਸ਼ਵਰੀ ਕਲੋਨੀ (ਬੈਲੇਂਸ ਵਰਕ) ਵਿਖੇ ਸੀਵਰੇਜ਼ ਪਾਉਣ ਦਾ ਪ੍ਰਾਪਤ ਹੋਇਆ ਹੈ। ਇਸ ਤਖਮੀਨੇ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**<u>ਮਤਾ ਨੰਬਰ 104:</u>** **ਪ੍ਰਵਾਨ ਹੈ।**

**ਏਜੰਡਾ ਨੰਬਰ: 4:**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ Comprehensive Mobility Plan (CMP) ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਮਾਲ ਰੋਡ ਤੇ ਪਾਰਕਿੰਗ ਬਣਾਉਣ ਦੀ ਲੋੜ ਦਰਸਾਈ ਗਈ ਸੀ। ਮਾਨਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ ਪੰਜਾਬ ਜੀ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਕੇਸ ਨੰ: 17530 ਆਫ 2010 ਵਿੱਚ ਹਾਈਕੋਰਟ ਵਿਖੇ Affidavit ਦਿੱਤਾ ਗਿਆ ਕਿ ਪਾਰਕਿੰਗ ਦੀ ਸਮਸਿਆ ਨੂੰ ਹੱਲ ਕਰਨ ਲਈ ਮਾਲ ਰੋਡ ਉਪਰ ਪਾਰਕਿੰਗ ਬਣਾਈ ਜਾਵੇਗੀ। ਇਸ ਦੇ ਸਬੰਧ ਵਿੱਚ ਨਗਰ ਨਿਗਮ ਬਠਿੰਡਾ ਵੱਲੋਂ DARSHAW ਕੰਪਨੀ ਤੋਂ Detailed Demand Assessment ਕਰਵਾਇਆ ਗਿਆ ਗਿਆ ਸੀ, ਜਿਸ ਵਿੱਚ ਉਨ੍ਹਾਂ ਵੱਲੋਂ ਹੇਠ ਲਿਖੇ Demand Assessment ਕੀਤੀ ਗਈ ਸੀ:-

| **Year** | **Estimated Demand Cars** |
|---|---|
| 2013 | 194 |
| 2018 | 271 |
| 2023 | 352 |
| 2028 | 420 |
| 2033 | 465 |

ਇਸ ਸਰਵੇ ਅਨੁਸਾਰ ਸਾਲ 2023 ਵਿੱਚ ਮਾਲ ਰੋਡ ਉਪਰ ਲਗਭਗ 350 ਕਾਰਾਂ ਲਈ ਪਾਰਕਿੰਗ ਦੀ ਜਰੂਰਤ ਹੈ। ਪਰੰਤੂ ਮਾਲ ਰੋਡ ਉਪਰ ਇਹਨੀ ਕਾਰਾਂ ਲਈ ਪਾਰਕਿੰਗ ਦੀ ਜਗ੍ਹਾ ਉਪਲੱਬਧ ਨਹੀਂ ਹੈ, ਜਿਸ ਲਈ ਨਗਰ ਨਿਗਮ ਵੱਲੋਂ ਮਾਲ ਰੋਡ ਉਪਰ ਜਗ੍ਹਾ ਦੀ ਕਮੀ ਨੂੰ ਦੇਖਦੇ ਹੋਏ ਕਾਰਾਂ ਦੀ ਪਾਰਕਿੰਗ ਲਈ Tower Type Car ਪਾਰਕਿੰਗ ਬਣਾਉਣ ਦੀ ਤਜਵੀਜ਼ ਤਿਆਰ ਕੀਤੀ ਗਈ ਹੈ। Estar ਵੱਲੋਂ ਪ੍ਰਾਪਤ ਹੋਈ ਕੁਟੇਸ਼ਨ ਨੰਬਰ EEPLCP-1901Q0367 ਅਨੁਸਾਰ ਪ੍ਰਤੀ ਕਾਰ 5.50 ਲੱਖ ਰੁਪਏ ਦਾ ਖਰਚਾ ਆਉਣ ਦਾ ਅਨੁਮਾਨ ਹੈ। ਇਸ ਨਾਲ ਕੁੱਲ ਪ੍ਰੋਜੈਕਟ ਦੀ ਕੀਮਤ ਲਗਭਗ 19.25 ਕਰੋੜ ਰੁਪਏ ਬਣਦੀ ਹੈ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "Costing of this estimate is approximate. However exact market queries shall have to be done before floating tenders to assess competitive value (cost) of this infrastructure.

ਉਕਤ ਅਨੁਸਾਰ ਤਿਆਰ ਕੀਤੀ ਤਜਵੀਜ਼ ਅਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਪੁੱਛਿਆ ਕਿ ਇਹ ਕੰਮ ਬੀ.ਓ.ਟੀ. ਬੇਸਿਸ ਤੇ ਕਰਵਾਇਆ ਜਾਵੇਗਾ, ਜਾਂ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਇਹ ਕੰਮ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗਾ। ਇਸਤੇ ਸ਼੍ਰੀ ਜਗਰੂਪ ਸਿੰਘ ਗਿੱਲ ਨੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ। ਸ਼੍ਰੀ ਹਰਵਿੰਦਰ ਕੁਮਾਰ ਸ਼ਰਮਾ, ਕੌਂਸਲਰ ਨੇ ਪੁੱਛਿਆ ਕਿ ਜੇਕਰ ਇਸ ਜਗ੍ਹਾ ਮਲਟੀ ਸਟੋਰੀ ਪਾਰਕਿੰਗ ਬਣਾ ਦਿੱਤੀ ਜਾਂਦੀ ਹੈ ਤਾਂ ਫਾਇਰ ਬ੍ਰਿਗੇਡ ਵਾਲੀ ਜਗ੍ਹਾ ਤੇ ਬਣੀਆਂ ਦੁਕਾਨਾਂ ਦਾ ਕੀ ਕੀਤਾ ਜਾਵੇਗਾ? ਇਸਤੇ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਪ੍ਰਪੋਜ਼ਲ ਫਾਇਨਲ ਹੋਣ ਉਪਰੰਤ ਜੋ ਵੀ ਹਾਊਸ ਵੱਲੋਂ ਫੈਸਲਾ ਲਿਆ ਜਾਵੇਗਾ, ਉਹ ਪ੍ਰਵਾਨ ਕਰ ਲਿਆ ਜਾਵੇਗਾ।**

**ਮਤਾ ਨੰਬਰ 105:** **ਪ੍ਰਵਾਨ ਹੈ।**

**ਏਜੰਡਾ ਨੰਬਰ: 5:**

ਰਿਪੋਰਟ ਵਰਕਸ ਸ਼ਾਖਾ ਕਿ ਮਾਨਯੋਗ ਮੇਅਰ ਸਾਹਿਬ, ਕਮਿਸ਼ਨਰ ਸਾਹਿਬ ਅਤੇ ਉੱਚ ਅਧਿਕਾਰੀਆਂ ਵਿਚਕਾਰ ਹੋਏ ਫੈਸਲੇ ਅਨੁਸਾਰ ਫਾਇਰ ਬ੍ਰਿਗੇਡ (ਮਾਲ ਰੋਡ) ਵਾਲੀ ਜਗ੍ਹਾਂ ਉਪਰ ਮਲਟੀ ਸਟੋਰੀ ਕਮਰਸ਼ੀਅਲ ਕੰਪਲੈਕਸ ਬਣਾਉਣ ਵਾਸਤੇ ਡਿਟੇਲਡ ਪ੍ਰੋਜੈਕਟ ਰਿਪੋਰਟ (DPR) ਤਿਆਰ ਕਰਨ ਲਈ ਹਦਾਇਤ ਕੀਤੀ ਗਈ ਹੈ। ਰਿਪੋਰਟ ਹੈ ਕਿ ਉਕਤ DPR ਤਿਆਰ ਕਰਨ ਵਾਸਤੇ ਪਹਿਲਾਂ ਵੀ ਕੰਨਸਲਟੈਂਟ Darashah ਨੂੰ ਹਾਇਰ ਕੀਤਾ ਗਿਆ ਸੀ, ਜਿਸ ਦੇ scope of work ਵਿਚ OHSR ਵਾਲੀ ਜਗ੍ਹਾਂ ਨੂੰ ਸ਼ਾਮਿਲ ਨਹੀਂ ਕੀਤਾ ਗਿਆ ਸੀ। ਉਕਤ ਹਦਾਇਤਾਂ ਅਨੁਸਾਰ ਪ੍ਰੋਜੈਕਟ ਦੇ scope of work ਵਿਚ OHSR ਨੂੰ ਡਿਸਮੈਂਟਲ ਕਰਕੇ ਇਸ ਜਗ੍ਹਾਂ ਨੂੰ ਪ੍ਰੋਜੈਕਟ ਦੇ scope of work ਵਿੱਚ ਸ਼ਾਮਿਲ ਕੀਤਾ ਜਾਣਾ ਹੈ, ਜਿਸ ਕਾਰਨ ਇਸ ਜਗ੍ਹਾਂ ਦੀ ਦੋਬਾਰਾ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾਣੀ ਹੈ। ਕਿਉਂਕਿ ਇਹ ਪ੍ਰੋਜੈਕਟ ਇੱਕ ਬਹੁਤ ਹੀ ਅਹਿਮ , ਵਿਲਖਣ ਅਤੇ ਬਹੁ ਤਕਨੀਕੀ ਪ੍ਰੋਜੈਕਟ ਹੈ, ਜਿਸ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ (DPR) ਤਿਆਰ ਕਰਨਾ, ਪ੍ਰੋਜੈਕਟ ਦੀ ਫਾਇਨੈਂਸ਼ਿਅਲ ਵਾਇਯਾਬਿਲਟੀ ਤਜਵੀਜਤ ਸਟਰਕਚਰ ਦਾ ਡਿਟੇਲਡ ਆਰਕੀਟੈਕਚਰਲ ਡਿਜਾਇਨ, ਅਨੁਮਾਨਿਤ ਤਖਮੀਨਾ, ਪ੍ਰੋਜੈਕਟ ਸਪੈਸੀਫਿਕੇਸ਼ਨਾ, ਅਨੁਮਾਨਿਤ ਤਖਮੀਨਾ, ਟੈਂਡਰ ਡਾਕੂਮੈਂਟ ਤਿਆਰ ਕਰਨਾ, ਟੈਂਡਰ ਪ੍ਰਵਾਨ ਕਰਨਾ, ਪ੍ਰੋਜੈਕਟ ਮੈਨੇਜਮੈਂਟ ਕੰਨਸਲਟੈਂਸੀ, ਬਣੀ ਹੋਈ OHSR ਦੀ ਡਿਸਮੈਂਟਲਿੰਗ Work Methodology ਅਤੇ ਇਸ ਪ੍ਰੋਜੈਕਟ ਨਾਲ ਸਬੰਧਤ ਤਜਵੀਜ ਲਈ ਕੰਨਸਲਟੈਂਟ ਹਾਇਰ ਕਰਨਾ ਅਤਿ ਜਰੂਰੀ ਹੈ ਤਾਂ ਜੋ ਇਸ ਪ੍ਰੋਜੈਕਟ ਦੀ ਡਿਟੇਲਡ ਪ੍ਰੋਜੈਕਟ ਰਿਪੋਰਟ ਤਿਆਰ ਕੀਤੀ ਜਾ ਸਕੇ। ਇਸ ਪ੍ਰੋਜੈਕਟ ਲਈ ਕੰਨਸਲਟੈਂਟ ਆਨਲੋਇਨ ਟੈਂਡਰਾਂ ਰਾਹੀਂ ਹਾਇਰ ਕੀਤਾ ਜਾਵੇਗਾ। ਇਸ ਪ੍ਰੋਜੈਕਟ ਦੀ ਅੰਤਿਮ ਤਜਵੀਜ ਅਤੇ ਸਫਲ/ਯੋਗ ਕੰਨਸਲਟੈਂਟ ਸਬੰਧੀ ਫੈਸਲਾ ਇੱਕ ਐਕਸਪਰਟ ਕਮੇਟੀ ਵੱਲੋਂ ਲਿਆ ਜਾਵੇਗਾ ਜੋ ਕਿ ਹੇਠ ਲਿਖੇ ਅਨੁਸਾਰ ਹੈ।

| Sr. No: | Concerned Officials |
|---|---|
| 1 | Commissioner, MC Bathinda |
| 2 | Superintendent Engineer, MC Bathinda |
| 3 | Superintendent Engineer, Bathinda Development Authority |
| 4 | Superintendent Engineer, PWSSB |

| | |
|---|---|
| 5 | Executive Engineer, PWSSB |
| 6 | Head of the Department, Architecture Giani Jail Singh College Bathinda |
| 7 | Representative of Architect Association of Bathinda |

ਇਸ ਤੋਂ ਇਲਾਵਾ ਲਿਖਿਆ ਜਾਂਦਾ ਹੈ ਕਿ ਇਸ ਪ੍ਰੋਜੈਕਟ ਵਾਸਤੇ ਪਹਿਲਾਂ ਵੀ ਮਤਾ ਨੰ: 91 ਮਿਤੀ 21-12-2018 ਅਨੁਸਾਰ ਤਜਵੀਜ ਤਿਆਰ ਕੀਤੀ ਗਈ ਸੀ।ਪਰ ਮਾਨਯੋਗ ਮੇਅਰ ਸਾਹਿਬ, ਕਮਿਸ਼ਨਰ ਸਾਹਿਬ ਅਤੇ ਉੱਚ ਅਧਿਕਾਰੀਆਂ ਵਿਚਕਾਰ ਹੋਏ ਫੈਸਲੇ ਅਨੁਸਾਰ ਪਹਿਲਾਂ ਵਾਲੀ ਤਜਵੀਜ (ਮਤਾ ਨੰ:91 ਮਿਤੀ: 21-12-2018) ਦੀ ਥਾਂ ਤੇ ਉਕਤ ਤਜਵੀਜ ਨੂੰ ਸ਼ਾਮਿਲ ਕੀਤਾ ਜਾਵੇ।ਓਕਤ ਅਨੁਸਾਰ ਰਿਪੋਰਟ ਔਨਲਾਈਨ ਟੈਂਡਰ ਰਾਂਹੀ ਕੰਨਸਲਟੈਂਟ ਹਾਇਰ ਕਰਨ ਅਤੇ ਇਸ ਉਪਰ ਪ੍ਰੋਜੈਕਟ ਕਾਸਟ ਦੇ 3% ਤੋਂ 5% ਤੱਕ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਉਕਤ ਕਮੇਟੀ ਵਿੱਚ ਮਾਨਯੋਗ ਮੇਅਰ ਸਾਹਿਬ ਅਤੇ ਸੀਨੀਅਰ ਡਿਪਟੀ ਮੇਅਰ ਸਾਹਿਬ ਨੂੰ ਵੀ ਸ਼ਾਮਲ ਕੀਤਾ ਜਾਵੇ। ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਕੰਮ ਦੀ ਮਹਤੱਤਾ ਨੂੰ ਮੁੱਖ ਰਖਦੇ ਹੋਏ ਯੋਗ ਹੋਵੇਗਾ ਕਿ ਹਾਊਸ ਦੇ ਚੁਣੇ ਹੋਏ ਨੁਮਾਇੰਦਿਆਂ ਵਿੱਚੋਂ 6-7 ਕੌਂਸਲਰ ਸਾਹਿਬਾਨ ਉਕਤ ਕਮੇਟੀ ਦੇ ਮੈਂਬਰ ਵੱਜੋਂ ਸ਼ਾਮਲ ਕੀਤੇ ਜਾਣ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਹਾਊਸ ਦੇ ਚੁਣੇ ਹੋਏ ਕੌਂਸਲਰ ਸਾਹਿਬਾਨਾਂ ਵਿੱਚੋਂ 7 ਕੌਂਸਲਰ ਸਾਹਿਬਾਨ ਵੀ ਉਕਤ ਕਮੇਟੀ ਦੇ ਮੈਂਬਰ ਵੱਜੋਂ ਸ਼ਾਮਲ ਕੀਤੇ ਜਾਣ।**

**ਮਤਾ ਨੰਬਰ 106:** **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਉਕਤ ਸਬ-ਕਮੇਟੀ ਦੇ ਨਾਲ-ਨਾਲ ਹਾਊਸ ਦੇ ਚੁਣੇ ਹੋਏ 7 ਕੌਂਸਲਰ ਸਾਹਿਬਾਨ ਵੀ ਸ਼ਾਮਲ ਕੀਤੇ ਜਾਂਦੇ ਹਨ। ਕੌਂਸਲਰ ਸਾਹਿਬਾਨ ਦੀ ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਏਜੰਡਾ ਨੰਬਰ: 6:**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਮਾ ਯੋਗ ਕਮਿਸ਼ਨਰ ਸਾਹਿਬ ਜੀ ਦੇ ਹੁਕਮਾਂ ਅਨੁਸਾਰ ਬਠਿੰਡਾ ਸ਼ਹਿਰ ਦੀ ਬਿਊਟੀਫਕੇਸ਼ਨ ਬਿਜਲੀ ਦੀਆਂ ਤਾਰਾ ਅੰਡਰ ਗਰਾਂਉਡ ਕਰ ਦਾ ਪ੍ਰਪੋਜਲ ਤਿਆਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਦੇ ਕਾਰਜਕਾਰੀ ਇੰਜੀਨੀਅਰ (ਬਠਿੰਡਾ ਅਰਬਨ) ਜੀ ਨੂੰ ਪੱਤਰ ਨੰ:63/ਐਸ ਐਲ ਮਿਤੀ 07-01-2019 ਅਤੇ ਪੱਤਰ ਨੰ:51/ਐਸ ਐਲ ਮਿਤੀ 23-01-2019 ਰਾਹੀਂ ਮਾਲ ਰੋਡ (ਹਨੂੰਮਾਨ ਚੌਕ ਤੋਂ ਰੇਲਵੇ ਸਟੇਸ਼ਨ ਤੱਕ), ਫਾਇਰ ਬ੍ਰਗੇਡ ਚੌਕ ਤੋ ਕਿਲਾ ਸਾਹਿਬ ਤੱਕ ਅਤੇ 100 ਫੁੱਟ ਰੋਡ (ਆਈ.ਸੀ.ਆਈ. ਬੈਂਕ ਤੋਂ ਭਾਗੂ ਰੋਡ ਤੱਕ) Electrical Works Only

| | | |
|---|---|---|
| N M | | K R O V<br>I V C |
| 1. | ਆਈ.ਸੀ.ਆਈ. ਬੈਕ ਤੋਂ ਭਾਗੂ ਰੋਡ ਤੱਕ ਦੀਆ ਐਚ.ਟੀ. ਅਤੇ ਐਲ.ਟੀ. ਲਾਈਨਾਂ | 8.48 |
| 2. | ਮਾਲ ਰੋਡ ਦ I A W ਐਚ.ਟੀ. ਲਾਈਨਾਂ | 2.60 |
| 3. | ਮਾਲ ਰੋਡ ਦ I A W ਐਲ.ਟੀ. ਲਾਈਨਾਂ | 1.84 |
| 4. | ਦੇਵ ਸਮਾਜ ਚੌਂਕ ਤੋਂ ਪੋਸਟ ਆਫਿਸ ਤੱਕ ਦੀਆ ਐਚ.ਟੀ. ਅਤੇ ਐਲ.ਟੀ. ਲਾਈਨਾਂ | 0.85 |
| 5. | J U J W R I S M G N G R M Y N R O F ਦ I A W ਐਚ.ਟੀ. ਅਤੇ ਐਲ.ਟੀ. ਲਾਈਨਾਂ | 1.92 |
| 6. | A M R I K I S M G R O F A P T U I M Q L M W L ਦ I A W ਐਚ.ਟੀ. ਅਤੇ ਐਲ.ਟੀ. ਲਾਈਨਾਂ | 7.70 |
| | J O V | 23.39 |
| | Contingency 1% | 0.233 |
| | Total | 23.62 |

ਇਸ ਤੋਂ ਇਲਾਵਾ I B J L I B O R F D Y A I D K W R I A W V L O N I E H V I D I S A W I G A W H Y I K I E H Q K M I N Y ਅਪਰੂਵਲ ਲਈ ਕਾਰਜਕਾਰੀ ਇੰਜੀਨੀਅਰ ਪਾਸ ਭੇਜੇ ਗਏ ਹਨ ਅਤੇ ਇਹਨਾਂ ਦੀ ਅਪਰੂਵਲ ਆਉਣ ਤੋਂ ਬਾਅਦ ਹੀ ਇਸ ਕੰਮ ਨੂੰ ਕਰਵਾਉਣ ਪੂਰਨ ਖਰਚੇ ਦਾ ਐਸਟੀਮੇਟ ਦਿੱਤਾ ਜਾ ਸਕਦਾ ਹੈ। ਕੇਸ J N R L H W A U S P W S K R C Y A Q Y Q J V I Z D I P R V W N G I I H Q

<u>ਮਤਾ ਨੰਬਰ 107:</u> ਪ੍ਰਵਾਨ ਹੈ।

ਮਜ਼ੀਦ ਹੇਠ ਲਿਖੇ ਅਨੁਸਾਰ ਬਿਜਲੀ ਦੀਆਂ ਤਾਰਾ ਅੰਡਰ ਗਰਾਂਉਡ ਕਰ

1. ਪਾਵਰ ਹਾਊਸ ਰੋਡ
2. ਕੋਰਟ ਰੋਡ, ਬੱਸ ਸਟੈਂਡ ਤੋਂ ਲੈ ਕੇ ਕਿਲਾ ਮੁਬਾਰਕ ਗੁਰਦੁਆਰਾ ਸਾਹਿਬ ਤੱਕ
3. ਗੁਰੂ ਗੋਬਿੰਦ ਸਿੰਘ ਨਗਰ, ਬੱਲਾ ਰਾਮ ਨਗਰ, ਗਲੀ ਨੰ: 10
4. ਨਾਮਦੇਵ ਰੋਡ
5. ਭੱਟੀ ਰੋਡ

**ਏਜੰਡਾ ਨੰਬਰ: 7:**

ਰਿਪੋਰਟ ਸਟੋਰ ਕੀਪਰ ਕਿ ਫੀਲਡ ਵਿੱਚ ਕੰਮ ਕਰਦੇ ਕਰਮਚਾਰੀਆਂ ਦੀ ਹਾਜ਼ਰੀ ਲਗਾਉਣ ਲਈ ਵੱਖ-ਵੱਖ ਹਾਜ਼ਰੀ ਪੁਆਇੰਟਾਂ ਤੇ ਲੱਗੀਆਂ ਬਾਇਓ ਮੈਟ੍ਰਿਕ ਮਸ਼ੀਨਾਂ ਦਾ ਆਪਰੇਸ਼ਨ ਐਂਡ ਮੈਨਟੀਨੈਂਸ ਅਤੇ ਗਾਰੰਟੀ ਪੀਰਿਅਡ ਮਿਤੀ 26.12.2018 ਨੂੰ ਖਤਮ ਹੋ ਗਿਆ ਹੈ। ਐਗਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਜਿਸ ਫਰਮ ਤੋਂ ਹਾਜ਼ਰੀ ਮਸ਼ੀਨਾਂ ਦੀ ਸਪਲਾਈ ਲਿੱਤੀ ਗਈ ਹੈ, ਉਸ ਫਰਮ ਨਾਲ ਆਪਰੇਸ਼ਨ ਐਂਡ ਮੈਨਟੀਨੈਂਸ ਫਰਮ Progressive Enterrises ਦੁਆਰਾ ਕੀਤੀ ਗਈ ਹੈ ਅਤੇ ਗਾਰੰਟੀ/ਵਾਰੰਟੀ Original Equipment Manufacturers ਵੱਲੋਂ ਦਿੱਤੀ ਹੈ। ਫਰਮ ਵੱਲੋਂ ਦਿੱਤੀ ਗਈ ਸਪੈਸੀਫਿਕੇਸ਼ਨਾਂ ਮੁਤਾਬਿਕ ਫਰਮ ਸਰਵਰ ਦੀ ਮੈਨਟੀਨੈਂਸ, ਮਸ਼ੀਨਾਂ ਬਾਰੇ ਟ੍ਰੇਨਿੰਗ ਅਤੇ ਮੈਨਟੀਨੈਂਸ ਆਦਿ (No Warranty in case of Fire/Physical Damage/ Accessories) ਦਿੱਤੀ ਜਾਵੇਗੀ। ਫਰਮ ਦੇ ਐਸਟੀਮੇਟ ਦਾ ਖਰਚ 18115/- ਰੁਪਏ ਸਮੇਤ ਟੈਕਸ ਪ੍ਰਤੀ ਮਹੀਨਾ ਖਰਚ ਲਵੇਗੀ। ਇਸ ਲਈ ਫਰਮ ਨੂੰ ਜੇਕਰ ਇੱਕ ਸਾਲ ਲਈ ਆਪਰੇਸ਼ਨ ਐਂਡ ਮੈਨਟੀਨੈਂਸ ਦਾ ਕੰਮ ਦਿੱਤਾ ਜਾਂਦਾ ਹੈ ਤਾਂ ਇਸਤੇ 2,17,380/- ਰੁਪਏ ਖਰਚ ਆਉਣਗੇ। ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 108:** **ਪ੍ਰਵਾਨ ਹੈ।**

**ਏਜੰਡਾ ਨੰਬਰ: 8:**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਸ/ਲ ਪੇਚ ਵਰਕ ਇਨ ਏਰੀਆ ਵਾਰਡ ਨੰਬਰ 13 | 2.98 |
| 2. | ਪੇਚ/ ਰਿਪੇਅਰ ਵਰਕ ਇਨ : | 34.52 |

| ਲੜੀ ਨੰ: | ਵਾਰਡ ਨੰਬਰ | ਰਕਮ (ਲੱਖਾਂ ਵਿੱਚ) |
|---|---|---|
| 1 | 40 | 3.13 |
| 2 | 41 | 3.20 |
| 3 | 42 | 3.02 |
| 4 | 43 | 3.13 |
| 5 | 44 | 3.19 |
| 6 | 45 | 3.07 |
| 7 | 46 | 3.17 |
| 8 | 47 | 3.10 |
| 9 | 48 | 3.15 |
| 10 | 49 | 3.19 |
| 11 | 50 | 3.17 |

<table>
<tr><td>3.</td><td>ਪੇਚ ਵਰਕ ਇਨ :
<table>
<tr><th>ਲੜੀ ਨੰ:</th><th>ਵਾਰਡ ਨੰਬਰ</th><th>ਰਕਮ (ਲੱਖਾਂ ਵਿੱਚ)</th></tr>
<tr><td>1</td><td>15</td><td>6.80</td></tr>
<tr><td>2</td><td>27</td><td>4.72</td></tr>
<tr><td>3</td><td>28</td><td>4.42</td></tr>
<tr><td>4</td><td>29</td><td>4.60</td></tr>
<tr><td>5</td><td>30</td><td>6.61</td></tr>
<tr><td>6</td><td>31</td><td>3.86</td></tr>
<tr><td>7</td><td>35</td><td>4.45</td></tr>
</table></td><td>35.46</td></tr>
<tr><td>4.</td><td>ਪੇਚ ਵਰਕ ਇਨ :
<table>
<tr><th>ਲੜੀ ਨੰ:</th><th>ਵਾਰਡ ਨੰਬਰ</th><th>ਰਕਮ (ਲੱਖਾਂ ਵਿੱਚ)</th></tr>
<tr><td>1</td><td>23</td><td>4.34</td></tr>
<tr><td>2</td><td>24</td><td>4.73</td></tr>
<tr><td>3</td><td>25</td><td>5.11</td></tr>
<tr><td>4</td><td>26</td><td>5.19</td></tr>
</table></td><td>19.37</td></tr>
<tr><td>5.</td><td>ਪੇਚ ਵਰਕ ਇਨ :
<table>
<tr><th>ਲੜੀ ਨੰ:</th><th>ਵਾਰਡ ਨੰਬਰ</th><th>ਰਕਮ (ਲੱਖਾਂ ਵਿੱਚ)</th></tr>
<tr><td>1</td><td>18</td><td>5.21</td></tr>
<tr><td>2</td><td>19</td><td>5.77</td></tr>
<tr><td>3</td><td>20</td><td>4.65</td></tr>
<tr><td>4</td><td>21</td><td>6.31</td></tr>
<tr><td>5</td><td>22</td><td>6.99</td></tr>
<tr><td>6</td><td>06</td><td>5.54</td></tr>
</table></td><td>34.47</td></tr>
<tr><td>6.</td><td>ਸ/ਲ ਪੇਚ ਵਰਕ ਇਨ ਏਰੀਆ ਵਾਰਡ ਨੰਬਰ 14</td><td>3.09</td></tr>
<tr><td>7.</td><td>ਸ/ਲ ਪੇਚ ਵਰਕ ਇਨ ਏਰੀਆ ਵਾਰਡ ਨੰਬਰ 32</td><td>3.04</td></tr>
<tr><td>8.</td><td>ਪੇਚ/ ਰਿਪੇਅਰ ਵਰਕ ਆਫ ਰੋਡਜ਼ ਇਨ
<table>
<tr><th>ਲੜੀ ਨੰ:</th><th>ਵਾਰਡ ਨੰਬਰ</th><th>ਰਕਮ (ਲੱਖਾਂ ਵਿੱਚ)</th></tr>
<tr><td>1</td><td>7</td><td>3.18</td></tr>
<tr><td>2</td><td>8</td><td>3.01</td></tr>
<tr><td>3</td><td>9</td><td>3.16</td></tr>
<tr><td>4</td><td>10</td><td>3.12</td></tr>
<tr><td>5</td><td>11</td><td>3.02</td></tr>
<tr><td>6</td><td>12</td><td>2.95</td></tr>
<tr><td>7</td><td>15</td><td>3.09</td></tr>
<tr><td>8</td><td>16</td><td>3.21</td></tr>
<tr><td>9</td><td>17</td><td>3.20</td></tr>
</table></td><td>27.94</td></tr>
<tr><td>9.</td><td>ਸ/ਲ ਪੇਚ ਵਰਕ ਇਨ ਏਰੀਆ ਵਾਰਡ ਨੰਬਰ 33</td><td>3.08</td></tr>
<tr><td>10.</td><td>ਪ੍ਰੋਵ: ਆਫ ਸਟਰੀਟ ਲਾਈਟ ਐਟ ਡੀ.ਏ.ਵੀ. ਕਾਲਜ ਟੋਭਾ</td><td>17.77</td></tr>
<tr><td>11.</td><td>ਕੰਸ: ਆਫ ਟਾਇਲਟ ਬਲਾਕ ਐਟ ਰੋਜ਼ ਗਾਰਡਨ</td><td>11.35</td></tr>
<tr><td>12.</td><td>ਡਿਵੈਲਪਮੈਂਟ ਆਫ ਕੈਨਟੀਨ ਇਨ ਰੋਜ਼ ਗਾਰਡਨ</td><td>45.00</td></tr>
<tr><td>13</td><td>ਕੰਸ: ਆਫ ਲਾਇਬਰੇਰੀ ਐਟ ਰੋਜ਼ ਗਾਰਡਨ</td><td>41.26</td></tr>
<tr><td>14</td><td>ਕੰਸ: ਆਫ ਫੁੱਟਪਾਥ ਐਟ ਡੀ.ਏ.ਵੀ. ਪੌਂਡ</td><td>45.85</td></tr>
<tr><td>15</td><td>ਡਿਵੈਲਪਮੈਂਟ ਆਫ ਗਰੀਨਰੀ ਫਾਰ ਦ ਬਿਊਟੀਫਿਕੇਸ਼ਨ ਆਫ ਡੀ.ਏ.ਵੀ. ਪੌਂਡ</td><td>44.88</td></tr>
<tr><td>16</td><td>ਡਿਵੈਲਪਮੈਂਟ ਆਫ ਗਰੀਨ ਬੈਲਟ ਐਟ ਪਾਵਰ ਹਾਊਸ ਰੋਡ ਨੀਅਰ ਟਾਇਲਟ ਬਲਾਕ</td><td>6.16</td></tr>
<tr><td>17</td><td>ਪ੍ਰੋਵ: ਵਾਟਰ ਫਾਲ, ਸਾਈਨ ਬੋਰਡ, ਦੋ ਵਾਟਰ ਕੂਲਰ ਇਨ ਰੋਜ਼ ਗਾਰਡਨ ਐਂਡ ਕੰਸ: ਆਫ ਬਾਸਕਟ ਬਾਲ ਗਰਾਊਂਡ ਐਟ ਜ਼ੋਗਰ ਪਾਰਕ</td><td>24.00</td></tr>
</table>

| | | |
|---|---|---|
| 18 | ਬਿਊਟੀਫਿਕੇਸ਼ਨ ਆਫ ਰੋਜ਼ ਗਾਰਡਨ | 49.30 |
| 19 | Const. of R.C.C. Trench on roads (Mall Road, 100 ft. Road (Bhagu Road to Bibi Wala Road), 100 ft. Road (Bibi Wala Road to Barnala Bye pass), Dhobi Bazar, Post Office Bazar, AC Market to Qila Mubarak, Jawahar Medicos to SBI ATM via Sadbhawna Chowk, Guru Teg Bahadur Nagar Main Road (Jujhar Singh 100 ft. Road upto Bajwa House) and Amrik Singh Road upto Mittal Mall for underground cables of existing overhead cables. | 899.98 |
| 20 | ਪੇਚ ਵਰਕ ਇਨ ਵਾਰਡ ਨੰਬਰ 2 | 3.10 |
| 21 | ਪੇਚ ਵਰਕ ਇਨ ਵਾਰਡ ਨੰਬਰ 3 | 2.06 |
| 22 | ਪੇਚ ਵਰਕ ਇਨ ਵਾਰਡ ਨੰਬਰ 4 | 2.78 |
| 23 | ਪੇਚ ਵਰਕ ਇਨ ਵਾਰਡ ਨੰਬਰ 34 | 2.43 |
| 24 | ਪੇਚ ਵਰਕ ਇਨ ਵਾਰਡ ਨੰਬਰ 36 | 2.30 |
| 25 | ਪੇਚ ਵਰਕ ਇਨ ਵਾਰਡ ਨੰਬਰ 39 | 2.79 |
| 26 | ਪ/ਲ ਇੰਟਰਲਾਕਿੰਗ ਟਾਇਲਜ਼ ਆਨ ਬਰਮਜ਼ ਆਫ ਸਟਰੀਟ ਨੰ: 17/4, ਗੁਰੂ ਗੋਬਿੰਦ ਸਿੰਘ ਨਗਰ | 2.31 |
| 27 | ਪ/ਲ ਵਾਟਰ ਸਪਲਾਈ ਪਾਈਪ ਲਾਈਨ 4" ਡਾਇਆ ਇਨ ਡਿਫਰੈਂਟ ਏਰੀਆ (ਕਰਤਾਰ ਕਲੋਨੀ, ਸੁੱਚਾ ਸਿੰਘ ਨਗਰ, ਮਹਿਣਾ ਬਸਤੀ, ਮੁਲਤਾਨੀਆ ਰੋਡ, ਗੁਰੂ ਨਾਨਕ ਨਗਰ, ਹੰਸ ਨਗਰ, ਬਚਨ ਕਲੋਨੀ, ਪੂਹਲਾ ਕਲੋਨੀ ਕੋਠੇ ਅਤੇ ਮਹੇਸ਼ਵਰੀ ਕਲੋਨੀ) | 49.32 |
| 28 | ਲੇਇੰਗ ਪੀ.ਸੀ. 20 ਐਮ.ਐਮ. ਥਿੱਕ ਆਨ 100 ਫੁੱਟ ਰੋਡ ਟੀ.ਪੀ. ਸਕੀਮ ਨੰਬਰ 3 ਪਾਰਟ 2 | 45.28 |
| 29 | ਪ/ਲ ਪੀ.ਸੀ. 20 ਐਮ.ਐਮ. ਥਿੱਕ ਆਨ 100 ਫੁੱਟ ਰੋਡ ਫਰਾਮ ਘੋੜੇ ਵਾਲਾ ਚੌਂਕ ਅਪਟੂ ਭਾਗੂ ਰੋਡ | 79.44 |
| 30 | Procurement of Jack Hammer | 1.44 |
| 31 | ਪੇਚ ਵਰਕ ਇਨ ਵਾਰਡ ਨੰਬਰ 5 | 2.43 |
| 32 | ਪ/ਲੇਇੰਗ ਡੀ.ਬੀ. ਪੇਵਿੰਗ ਆਨ ਸਾਈਡ ਸਟਰੀਟਸ ਗੁਰੂ ਅਮਰਦਾਸ ਨਗਰ ਨਰੂਆਣਾ ਰੋਡ | 9.97 |
| 33 | ਪ/ਲੇਇੰਗ ਇੰਟਰਲਾਕਿੰਗ ਟਾਇਲਜ਼ ਆਨ ਬਰਮਜ਼ ਆਫ ਗੁਰੂ ਗੋਬਿੰਦ ਸਿੰਘ ਨਗਰ ਮੇਨ ਸਟਰੀਟ ਨੰ: 10 | 15.89 |
| 34 | ਕੰਸ: ਆਫ ਧਰਮਸ਼ਾਲਾ ਇਨ ਬੰਗੀ ਨਗਰ ਗਲੀ ਨੰਬਰ 2 | 10.00 |
| 35 | ਸਪਲਾਈ ਆਫ ਪੰਪ ਆਪਰੇਟਰ/ ਆਪਰੇਸ਼ਨ ਆਫ ਡਿਸਪੋਜ਼ਲ ਮੋਟਰ (ਸਿਵਲ ਲਾਈਨ ਐਂਡ ਮਾਡਲ ਟਾਊਨ) ਡਿਉਰਿੰਗ ਰੈਨੀ ਸੀਜ਼ਨ (ਜੂਨ 2019 ਤੋਂ ਜੂਨ 2020) | 1.52 |
| 36 | ਪ/ਲੇਇੰਗ ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਅਲਾਂਗ ਅਰੋਮਾ ਪੈਲੇਸ | 3.80 |
| 37 | ਪੇਚ ਵਰਕ ਇਨ ਵਾਰਡ ਨੰਬਰ 38 | 2.59 |
| 38 | ਪੇਚ ਵਰਕ ਇਨ ਵਾਰਡ ਨੰਬਰ 37 | 0.94 |
| 39 | ਸ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਮਹਿਣਾ ਬਸਤੀ, ਦੁਬੇ ਕਲੋਨੀ, ਬਚਨ ਕਲੋਨੀ, ਨੈਸ਼ਨਲ ਕਲੋਨੀ, ਅਨੂਪ ਨਗਰ, ਮੁਲਤਾਨੀਆ ਰੋਡ, ਗੁਰੂ ਨਾਨਕ ਨਗਰ, ਗਲੀ ਨੰ: 2/4, ਹੰਸ ਨਗਰ ਗਲੀ ਨੰ: 7, ਮਾਡਲ ਟਾਊਨ (OVINE ENCLAVE) | 30.82 |
| 40 | P/F of R.O. System 2000 LPH in Kheta Singh Basti | 12.00 |
| 41 | Development works of different parks in T.P. Scheme No. 15 | 15.00 |

| | | |
|---|---|---|
| 42 | ਕੰਸ: ਆਫ ਧਰਮਸ਼ਾਲਾ ਸਵ: ਗੁਰਚਰਨ ਸਿੰਘ ਮਾਨ ਖੁੱਡੀਆਂ (ਖੇਤਾ ਸਿੰਘ ਬਸਤੀ), ਗੁਰੂ ਨਾਨਕ ਕਲੋਨੀ, ਬੈਕ ਸਾਈਡ ਕੱਚੀ ਕਲੋਨੀ, ਵਾਰਡ ਨੰਬਰ 50 | 10.00 |
| 43 | ਪ/ਲ ਡੀ.ਬੀ. ਪੇਵਿੰਗ ਐਂਡ ਪੀ.ਸੀ. ਆਨ ਬੀਬੀ ਵਾਲਾ ਰੋਡ ਆਨ ਫਰੰਟ ਸਟਰੀਟ ਸਿਲਵਰ ਓਕਸ ਸਕੂਲ | 3.88 |
| 44 | ਪ੍ਰੋਵ: ਐਂਡ ਇਨਸਟਾਲੇਸ਼ਨ ਆਫ ਓਪਨ ਏਅਰ ਜਿੰਮ ਐਂਡ ਸ਼ੈਡ ਇਨ ਪਾਰਕ ਨੰ: 4 ਮਾਡਲ ਟਾਊਨ | 3.75 |
| 45 | ਪ/ਇਨਸਟਾਲੇਸ਼ਨ ਆਫ ਓਪਨ ਏਅਰ ਜਿੰਮ ਐਂਡ ਪੇਟਿੰਗ ਆਫ ਪਾਰਕ ਨੰਬਰ 15 ਮਾਡਲ ਟਾਊਨ | 3.00 |
| 46 | ਲੇਇੰਗ ਪੀ.ਸੀ. 20 ਐਮ.ਐਮ.ਥਿੱਕ ਇਨ ਸਟਰੀਟਸ 30/2 ਐਂਡ ਅਦਰ ਸਟਰੀਟਸ ਗੁਰੂ ਤੇਗ ਬਹਾਦੁਰ ਨਗਰ | 16.70 |
| 47 | ਪ/ਫ ਆਫ ਓਪਨ ਏਅਰ ਜਿੰਮ ਐਂਡ ਪੇਂਟਿੰਗ ਇਨ ਪਾਰਕ ਨੰਬਰ 25, ਪ੍ਰਤਾਪ ਨਗਰ, ਵਾਰਡ ਨੰਬਰ 43 | 2.70 |
| 48 | Renovation of old existing municipal office building and Restoration of Control Panel, Electrical Wiring, Intercom, Internet and Camera Wires in MC Office Bathinda | 28.54 |
| 49 | ਪ/ਲੇਇੰਗ ਡੀ.ਬੀ. ਪੇਵਿੰਗ ਇਨ ਭਾਈ ਮਤੀ ਦਾਸ ਨਗਰ ਗਲੀ ਨੰ: 16/ਏ | 1.68 |
| 50 | ਪ/ਲੇਇੰਗ ਇੰਟਰਲਾਕਿੰਗ ਟਾਇਲਜ਼ ਆਨ ਬਰਮਜ਼ ਐਟ ਗੁਰੂ ਗੋਬਿੰਦ ਸਿੰਘ ਨਗਰ ਗਲੀ ਨੰ: 10/3, 10/5, 10/6 ਅਤੇ 10/15 | 9.96 |
| 51 | ਪ/ਲੇਇੰਗ ਵਾਟਰ ਸਪਲਾਈ ਲਾਈਨ ਐਂਡ ਹਾਊਸ ਕੁਨੈਕਸ਼ਨ ਐਟ ਕਰਤਾਰ ਕਲੋਨੀ ਐਂਡ ਐਡਜੁਆਇਨਿੰਗ ਏਰੀਆ | 49.50 |
| 52 | ਪ/ਲੇਇੰਗ ਵਾਟਰ ਸਪਲਾਈ ਲਾਈਨ ਐਂਡ ਹਾਊਸ ਕੁਨੈਕਸ਼ਨ ਐਟ ਖੇਤਾ ਸਿੰਘ ਬਸਤੀ ਐਂਡ ਐਡਜੁਆਇਨਿੰਗ ਏਰੀਆ | 49.50 |
| 53 | ਪ/ਲੇਇੰਗ ਵਾਟਰ ਸਪਲਾਈ ਲਾਈਨ ਐਂਡ ਹਾਊਸ ਕੁਨੈਕਸ਼ਨ ਐਟ ਕੋਠੇ ਅਮਰਪੁਰਾ ਐਂਡ ਐਡਜੁਆਇਨਿੰਗ ਏਰੀਆ | 49.32 |
| 54 | ਪ/ਲੇਇੰਗ ਵਾਟਰ ਸਪਲਾਈ ਲਾਈਨ ਐਂਡ ਹਾਊਸ ਕੁਨੈਕਸ਼ਨ ਇਨ ਲਾਲ ਸਿੰਘ ਬਸਤੀ, ਬਠਿੰਡਾ | 49.32 |
| 55 | ਰਿਪਲੈਸਮੈਂਟ ਆਫ ਏ.ਸੀ. ਪਾਈਪ ਲਾਈਨ ਐਂਡ ਨਿਊ ਪਾਈਪ ਲਾਈਨ ਇਨ ਵਾਰਡ ਨੰਬਰ 1 ਕੋਠੇ ਸੁੱਚਾ ਸਿੰਘ ਐਂਡ ਕੋਠੇ ਪੂਹਲੇ ਵਾਲੇ ਐਟ ਬਠਿੰਡਾ | 33.21 |
| 56 | ਸਪਲਾਈ ਆਫ ਟਰੀਜ਼, ਸ਼ਰੱਬਜ਼ ਐਂਡ ਪਲਾਂਟਸ ਫਾਰ ਪਲਾਂਟੇਸ਼ਨ ਸਾਲ 2019-20 ਇਨ ਡਿਫਰੈਂਟ ਸਿਟੀ ਰੋਡਜ਼ ਐਂਡ ਪਾਰਕਸ | 10.00 |
| 57 | ਕੰਸ: ਆਫ ਗੇਟ ਫਾਰ ਪੌਂਡ ਏਰੀਆ ਨੀਅਰ ਡੀ.ਏ.ਵੀ ਕਾਲਜ | 30.50 |
| 58 | ਕੰਸ: ਆਫ ਗੇਟ ਫਾਰ ਪੌਂਡ ਏਰੀਆ ਸੰਜੇ ਨਗਰ | 30.50 |
| 59 | ਕੰਸ: ਆਫ ਗੇਟ ਫਾਰ ਪੌਂਡ ਏਰੀਆ ਸੰਗੂਆਣਾ ਬਸਤੀ | 30.50 |
| 60 | ਕੰਸ: ਆਫ ਸੀਨੀਅਰ ਸਿਟੀਜ਼ਨ ਰੂਮ | 18.00 |
| 61 | ਪ/ਲ ਇਨਟਰਨਲ ਡਾਇਆ ਸੀਵਰ ਇਨ ਡਿਫਰੈਂਟ ਏਰੀਆ ਪਾਰਟ ਆਫ ਸਿਟੀ | 40.62 |
| 62 | ਪ੍ਰੋਵ: ਐਂਡ ਇਨਸਟਾਲੇਸ਼ਨ ਆਪ ਓਪਨ ਏਅਰ ਜਿੰਮ ਇਨ ਪਾਰਕਸ ਆਫ ਵਾਰਡ ਨੰਬਰ 23, ਜ਼ੋਨ ਨੰਬਰ 3 | 10.64 |
| 63 | ਰਿਪੇਅਰ ਵਰਕ ਆਫ ਪਾਰਕ ਨੰਬਰ 31 ਮਾਡਲ ਟਾਊਨ ਫੇਸ-2 | 3.10 |
| 64 | ਕੰਸ: ਆਫ ਗਜ਼ੀਬੋ ਇਨ ਪਾਰਕ ਨੰਬਰ 37 ਅਜੀਤ ਰੋਡ | 2.10 |
| 65 | ਕੰਸ. ਆਫ ਬਾਊਂਡਰੀ ਵਾਲ ਆਫ ਪਾਊਂਡ ਇਨ ਸੰਜੇ ਨਗਰ | 145.10 |
| 66 | ਕੰਸ. ਆਫ ਬਾਊਂਡਰੀ ਵਾਲ ਆਫ ਪਾਊਂਡ ਇਨ ਸੰਗੂਆਣਾ ਬਸਤੀ | 93.20 |
| 67 | ਕੰਸ. ਆਫ ਬਾਊਂਡਰੀ ਵਾਲ ਆਫ ਪਾਊਂਡ ਡੀ.ਏ.ਵੀ. ਕਾਲਜ | 77.70 |

| | | |
|---|---|---|
| 68 | ਪ੍ਰੋਵ: ਐਂਡ ਫਿਕਸਿੰਗ ਆਫ ਡੈਕੋਰੇਟਿਵ ਲਾਇਟਸ ਇਨ ਰੋਜ ਗਾਰਡਨ | 61.30 |
| 69 | ਸ਼ਹਿਰ ਵਿੱਚ ਜਨਰਲ ਰਿਪੇਅਰ ਕਰਨ ਲਈ ਦੋ ਟਾਟਾ ਏਸ ਗੱਡੀਆਂ ਦੀ ਸਪਲਾਈ ਸਮੇਤ ਡਰਾਈਵਰ, ਡੀਜ਼ਲ ਲੈਣ ਸਬੰਧੀ | 8.28 |
| 70 | ਸਪਲਾਈ ਆਫ ਟਰੀ ਗਾਰਡਸ (1000 ਨੰਬਰ) | 22.50 |
| 71 | ਪ/ਫ ਪੌਪ-ਅੱਪ ਸਪਰਿੰਕਲਰ ਸਿਸਟਮ ਇਨ ਰੋਜ਼ ਗਾਰਡਨ | 3.90 |

ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਉਕਤ ਮੱਦ ਦੀ ਲੜੀ ਨੰ: 60 ਤੇ ਦਰਜ਼ ਕੰਮ ਦਾ ਨਾਮ ਸੀਨੀਅਰ ਸਿਟੀਜ਼ਨ ਰੂਮ ਦੀ ਬਜਾਏ ਸੀਨੀਅਰ ਸਿਟੀਜ਼ਨ ਹੋਮ ਹੈ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਕਿ ਲੜੀ ਨੰ: 60 ਤੇ ਦਰਜ਼ ਸੀਨੀਅਰ ਸਿਟੀਜ਼ਨ ਰੂਮ ਦੀ ਬਜਾਏ ਸੀਨੀਅਰ ਸਿਟੀਜ਼ਨ ਹੋਮ ਕਰਨਾ ਪਾਸ ਕੀਤਾ ਜਾਂਦਾ ਹੈ ਅਤੇ ਇਹ ਵੀ ਪਾਸ ਕੀਤਾ ਜਾਂਦਾ ਹੈ ਕਿ ਇਸਨੂੰ ਰੋਜ਼ ਗਾਰਡਨ ਵਿਖੇ ਬਣਨ ਵਾਲੀ ਲਾਇਬਰੇਰੀ ਦੇ ਨਾਲ ਹੀ ਬਣਾ ਦਿੱਤਾ ਜਾਵੇ। ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟਾਈ ਗਈ।

ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਲੜੀ ਨੰ: 10,11,13,45,60,62 ਅਤੇ 64 ਤੇ ਦਰਜ਼ ਕੰਮਾਂ ਅਤੇ ਓਪਨ ਏਅਰ ਜਿੰਮਾਂ ਦੀ ਮੈਨਟੀਨੈਂਸ ਕਿਸ ਪਾਸੋਂ ਕੀਤੀ ਜਾਵੇਗੀ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਓਪਨ ਏਅਰ ਜਿੰਮ ਖੁੱਦ ਵਿੱਚ ਹੀ ਅਜਿਹੇ ਹੁੰਦੇ ਹਨ ਕਿ ਉਹਨਾਂ ਨੂੰ ਜਿਆਦਾ ਮੈਨਟੀਨੈਂਸ ਦੀ ਲੋੜ ਨਹੀਂ ਹੁੰਦੀ। ਸ਼੍ਰੀ ਜਗਰੂਪ ਸਿੰਘ ਗਿੱਲ ਅਤੇ ਸ਼੍ਰੀ ਹਰਮਿੰਦਰ ਸਿੰਘ ਕੌਂਸਲਰ ਸਾਹਿਬਾਨ ਨੇ ਕਿਹਾ ਕਿ ਇਹ ਕੰਮ ਪਾਰਕ ਮੈਨਟੀਨੈਂਸ ਕਮੇਟੀਆਂ ਨੂੰ ਹੀ ਦੇ ਦਿੱਤੇ ਜਾਣ। ਇਸਤੇ ਫੈਸਲਾ ਲਿਆ ਗਿਆ ਕਿ ਇੰਨ੍ਹਾਂ ਓਪਨ ਏਅਰ ਜਿੰਮਾਂ ਦੀ ਜਿੰਮੇਵਾਰੀ ਸਬੰਧਤ ਪਾਰਕ ਕਮੇਟੀਆਂ ਨੂੰ ਹੀ ਦੇ ਦਿੱਤੀ ਜਾਵੇ।

ਸ੍ਰ: ਗੁਰਸੇਵਕ ਸਿੰਘ ਮਾਨ, ਕੌਂਸਲਰ ਨੇ ਕਿਹਾ ਕਿ ਲੋਕਾਂ ਦੀ ਸਿਹਤ ਨੂੰ ਮੁੱਖ ਰਖਦੇ ਹੋਏ ਨਗਰ ਨਿਗਮ ਵੱਲੋਂ ਜੋਗਰ ਪਾਰਕ ਵਿਖੇ ਬਾਸਕੇਟ ਬਾਲ ਗਰਾਊਂਡ ਬਨਾਉਣਾ ਪਾਸ ਕੀਤਾ ਜਾ ਰਿਹਾ ਹੈ। ਉਹਨਾਂ ਮੰਗ ਕੀਤੀ ਕਿ ਅੱਜ ਦੀ ਮੀਟਿੰਗ ਵਿੱਚ ਬਾਸਕੇਟ ਬਾਲ ਗਰਾਊਂਡ ਦੇ ਨਾਲ-ਨਾਲ ਟੈਨਿਸ ਗਰਾਊਂਡ ਵੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਖੇਡਣ ਪ੍ਰਤੀ ਕੋਈ ਦਿੱਕਤ ਨਾ ਆਵੇ।

ਮੀਟਿੰਗ ਵਿੱਚ ਅਰਬਨ ਮਿਸ਼ਨ ਤਹਿਤ ਕਰਵਾਏ ਜਾਣ ਵਾਲੇ ਤਕਰੀਬਨ 5.00 ਕਰੋੜ੍ਹ ਰੁਪਏ ਦੇ ਕੰਮਾਂ ਦੀ ਹੇਠ ਲਿਖੇ ਅਨੁਸਾਰ ਲਿਸਟ ਪੇਸ਼ ਕੀਤੀ ਗਈ :-

| ਲੜੀ ਨੰ: | ਕੰਮ ਦਾ ਨਾਮ | ਤਖਮੀਨਾ (ਲੱਖਾਂ ਵਿੱਚ) |
|---|---|---|
| 1 | ਰਫ ਕਾਸਟ ਐਸਟੀਮੇਟ ਆਫ ਦੀ ਬਿਊਟੀਫਿਕੇਸ਼ਨ ਆਫ ਰੋਜ਼ ਗਾਰਡਨ | 16.64 |
| 2 | ਪ੍ਰੋਵਾ: ਐਂਡ ਫਿਕਸਿੰਗ ਪੋਪ ਅੱਪ ਸਿਸਟਮ ਐਂਡ ਬੈਂਚਸ ਐਟ ਰੋਜ਼ ਗਾਰਡਨ (ਜੋਨ ਨੰ: 5) | 24.80 |
| 3 | ਕੰਸ: ਆਫ ਫੁੱਟਪਾਥ ਐਟ ਡੀ.ਏ.ਵੀ. ਪੌਂਡ | 24.92 |
| 4 | ਪ/ਲ ਇੰਟਰਲਾਕਿੰਗ ਟਾਈਲਜ਼ ਇਨ ਪਾਰਕਿੰਗ ਏਰੀਆ ਐਟ ਡੀ.ਏ.ਵੀ. ਪੌਂਡ | 20.85 |
| 5 | ਮਿਸਲੇਨੀਅਸ ਸਿਵਲ ਵਰਕ ਐਟ ਡੀ.ਏ.ਵੀ. ਪੌਂਡ | 22.25 |
| 6 | ਡਿਵੈਲਪਮੈਂਟ ਆਫ ਗਰੀਨਰੀ ਫਾਰ ਦੀ ਬਿਊਟੀਫਿਕੇਸ਼ਨ ਆਫ ਦੀ ਡੀ.ਏ.ਵੀ. ਪੌਂਡ | 19.94 |
| 7 | ਰੈਸਟੋਰੇਸ਼ਨ ਆਫ ਕੰਟਰੋਲ ਪੈਨਲ, ਇਲੈਕਟ੍ਰੀਕਲ ਵਾਇਰਿੰਗ, ਇੰਟਰਨੈਟ, ਇੰਟਰਕਾਮ ਐਂਡ ਕੈਮਰਾ ਵਾਇਰ ਇਨ ਐਮ.ਸੀ. ਆਫਿਸ ਬਠਿੰਡਾ। | 4.92 |
| 8 | ਪ/ਇਨਸਟਾਇਲੰਗ ਫਾਊਂਟੈਨ ਐਟ ਵਾਟਰ ਵਰਕਸ ਬਠਿੰਡਾ ਨੀਅਰ ਰੋਜ਼ ਗਾਰਡਨ | 24.50 |
| 9 | ਕੰਸ: ਆਫ ਸੀਨੀਅਰ ਸਿਟੀਜਨ ਹੋਮ | 18.00 |
| 10 | ਕੰਸ: ਆਫ ਟੋਆਇਲੇਟ ਬਲਾਕ ਐਟ ਰੋਜ਼ ਗਾਰਡਨ। | 11.35 |
| 11 | ਕੰਸ: ਆਫ ਬਾਸਕੇਟਬਾਲ ਗਰਾਉਂਡ ਐਟ ਜੋਗਰ ਪਾਰਕ। | 18.75 |
| 12 | ਸ/ਲੇਇੰਗ ਵਾਟਰ ਸਪਲਾਈ ਪਾਇਪ ਲਾਈਨ ਇਨ ਮੈਹਣਾ ਬਸਤੀ, ਦੂਬੇ ਕਲੋਨੀ, ਅਨੂਪ ਨਗਰ, ਮੁਲਤਾਨੀਆਂ ਰੋਡ, ਗੁਰੂ ਨਾਨਕ ਨਗਰ, ਹੰਸ ਨਗਰ ਅਤੇ ਮਾਡਲ ਟਾਊਨ ਬਠਿੰਡਾ। | 24.73 |

| | | |
|---|---|---|
| 13 | ਸ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਬਚਨ ਕਲੋਨੀ, ਨੈਸ਼ਨਲ ਕਲੋਨੀ ਐਂਡ ਟੀ.ਪੀ.ਸੀ. ਕਲੋਨੀ ਬਠਿੰਡਾ। | 22.33 |
| 14 | ਪ੍ਰੋਵਾ: ਐਂਡ ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਖੇਤਾ ਸਿੰਘ ਬਸਤੀ | 24.84 |
| 15 | ਪ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਖੇਤਾ ਸਿੰਘ ਬਸਤੀ ਐਂਡ ਐਡਜੁਆਇਨਿੰਗ ਸਟਰੀਟਸ। | 24.66 |
| 16 | ਪ/ਲ ਵਾਟਰ ਸਪਲਾਈ ਲਾਈਨ ਕੋਠੇ ਅਮਰਪੁਰਾ। | 24.66 |
| 17 | ਪ੍ਰੋਵਾ: ਐਂਡ ਲੇਇੰਗ ਵਾਟਰ ਸਪਲਾਈ ਲਾਈਨ ਕੋਠੇ ਅਮਰਪੁਰਾ ਐਡਜੁਆਇਨਿੰਗ ਸਟਰੀਟਸ। | 24.66 |
| 18 | ਪ੍ਰੋਵਾ: ਐਂਡ ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਲਾਲ ਸਿੰਘ ਬਸਤੀ ਬਠਿੰਡਾ। | 24.66 |
| 19 | ਸ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਲਾਲ ਸਿੰਘ ਬਸਤੀ ਸਟਰੀਟਸ ਬਠਿੰਡਾ ਐਂਡ ਐਡਜੁਆਇਨਿੰਗ ਸਟਰੀਟਸ। | 24.66 |
| 20 | ਸ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਮਹੇਸ਼ਵਰੀ ਕਲੋਨੀ ਅਤੇ ਢਿੱਲੋਂ ਕਲੋਨੀ। | 24.86 |
| 21 | ਸ/ਲੇਇੰਗ ਵਾਟਰ ਸਪਲਾਈ ਪਾਈਪ ਲਾਈਨ ਇਨ ਕਰਤਾਰ ਕਲੋਨੀ। | 24.64 |
| 22 | ਪ/ਫ ਆਫ ਆਰ.ਓ. ਸਿਸਟਮ 2000 ਐਲ.ਪੀ.ਐਚ. ਇਨ ਖੇਤਾ ਸਿੰਘ ਬਸਤੀ। | 12.00 |
| 23 | ਡਿਵੈਲਪਮੈਂਟ ਵਰਕਸ ਆਫ ਡਿਫਰੈਂਟ ਪਾਰਕਸ ਇਨ ਟੀ.ਪੀ. ਸਕੀਮ ਨੰ: 15 | 15.00 |
| 24 | ਪ/ਲ ਇੰਟਰਨਲ ਡਾਇਆ ਸੀਵਰ ਇਨ ਡਿਫਰੈਂਟ ਪਾਰਟਸ ਅਕਰੋਸ ਰੇਲਵੇ ਲਾਈਨ | 19.02 |
| 25 | ਪ/ਲ ਇੰਟਰਨਲ ਡਾਇਆ ਸੀਵਰ ਇਨ ਡਿਫਰੈਂਟ ਪਾਰਟਸ ਆਫ ਸਿਟੀ | 21.60 |
| 26 | ਪ/ਲ ਪੀ.ਸੀ. 20ਐਮ.ਐਮ. ਥਿਕ ਆਨ 100 ਫੁੱਟ ਰੋਡ ਟੀ.ਪੀ. ਸਕੀਮ ਨੰ: 3 ਪਾਰਟ 2 ਲੈਫਟ ਸਾਈਡ | 22.64 |
| 27 | ਪ/ਲ ਪੀ.ਸੀ. 20ਐਮ.ਐਮ. ਥਿਕ ਆਨ 100 ਫੁੱਟ ਰੋਡ ਟੀ.ਪੀ. ਸਕੀਮ ਨੰ: 3 ਪਾਰਟ 2 ਰਾਈਟ ਸਾਈਡ | 22.64 |
| | **ਜੋੜ** | **564.52** |

ਮਤਾ ਨੰਬਰ 109: **ਪ੍ਰਵਾਨ ਹੈ। ਮਜ਼ੀਦ ਪਾਸ ਕੀਤਾ ਗਿਆ ਕਿ ਅਰਬਨ ਮਿਸ਼ਨ ਤਹਿਤ 5.00 ਕਰੋੜ ਰੁਪਏ ਦੇ ਹੋਣ ਵਾਲੇ ਕੰਮਾਂ ਨੂੰ ਦੇਖਦੇ ਹੋਏ ਲੜੀ ਨੰ: 11, 14, 15, 17, 18, 27, 28, 39, 40, 48, 51, 52, 53, 54, 60 ਅਤੇ 61 ਤੇ ਦਰਜ਼ ਕੰਮਾਂ ਨੂੰ ਛੱਡ ਕੇ ਅਰਬਨ ਮਿਸ਼ਨ ਤਹਿਤ 27 ਕੰਮਾਂ ਦੇ ਮੁਬਲਿਗ 564.52 ਲੱਖ ਰੁਪਏ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ਸੀਨੀਅਰ ਸਿਟੀਜ਼ਨ ਹੋਮ ਤੇ ਆਉਣ ਵਾਲਾ ਖਰਚਾ 18.00 ਲੱਖ ਰੁਪਏ ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ:-**

1. ਲੜੀ ਨੰ: 57 ਤੇ ਦਰਜ਼ ਡੀ.ਏ.ਵੀ ਕਾਲਜ ਪੌਂਡ ਵਿੱਚ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਨੇਤਾ ਜੀ ਸੁਭਾਸ਼ ਚੰਦਰ ਬੋਸ ਲੇਕ ਵਿਊ ਪਾਰਕ ਰੱਖਿਆ ਜਾਂਦਾ ਹੈ।
2. ਲੜੀ ਨੰ: 58 ਤੇ ਦਰਜ਼ ਸੰਜੇ ਨਗਰ ਪੌਂਡ ਵਿੱਚ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਡਾ: ਬੀ.ਆਰ.ਅੰਬੇਦਕਰ ਲੇਕ ਵਿਊ ਪਾਰਕ ਰੱਖਿਆ ਜਾਂਦਾ ਹੈ।
3. ਲੜੀ ਨੰ: 59 ਤੇ ਦਰਜ਼ ਸੰਗੂਆਣਾ ਅਮਰਪੁਰ ਬਸਤੀ ਨਰੂਆਣਾ ਰੋਡ ਤੇ ਪੌਂਡ ਵਿੱਚ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਸ਼੍ਰੀ ਗੁਰੂ ਅਮਰ ਦਾਸ ਲੇਕ ਵਿਊ ਪਾਰਕ ਰੱਖਿਆ ਜਾਂਦਾ ਹੈ।
4. ਲੜੀ ਨੰ: 60 ਤੇ ਦਰਜ਼ ਕੰਸ: ਆਫ ਸੀਨੀਅਰ ਸਿਟੀਜ਼ਨ ਰੂਮ ਦੇ ਕੰਮ ਦਾ ਨਾਮ ਬਦਲ ਕੇ ਕੰਸ: ਆਫ ਸੀਨੀਅਰ ਸਿਟੀਜ਼ਨ ਹੋਮ ਕੀਤਾ ਜਾਂਦਾ ਹੈ।
5. ਜ਼ੋਗਰ ਪਾਰਕ ਵਿਖੇ ਬਣਨ ਵਾਲੇ ਬਾਸਕੇਟ ਬਾਲ ਗਰਾਊਂਡ ਦੇ ਨਾਲ ਜੇਕਰ ਜਗ੍ਹਾ ਹੋਵੇ ਤਾਂ ਟੈਨਿਸ ਗਰਾਊਂਡ ਵੀ ਬਨਾਉਣਾ ਪਾਸ ਕੀਤਾ ਜਾਂਦਾ ਹੈ।
6. ਜ਼ੋਗਰ ਪਾਰਕ ਵਿਖੇ ਵਾਟਰ ਟੈਂਕ ਨੰਬਰ 4 ਪਾਸ ਮਿਉਂਸਪਲ ਕੰਮਿਊਨਿਟੀ ਹਾਲ ਬਨਾਉਣਾ ਪਾਸ ਕੀਤਾ ਜਾਂਦਾ ਹੈ।

**ਸੰਗੂਆਣਾ ਅਮਰਪੁਰ ਬਸਤੀ ਨਰੂਆਣਾ ਰੋਡ ਤੇ ਪੌਂਡ ਵਿੱਚ ਬਣਨ ਵਾਲੇ ਪ੍ਰੋਜੈਕਟ ਦਾ ਨਾਮ ਸ਼੍ਰੀ ਗੁਰੂ ਅਮਰ ਦਾਸ ਲੇਕ ਵਿਊ ਪਾਰਕ ਰੱਖਣ ਤੇ ਸ੍ਰ: ਹਰਜਿੰਦਰ ਸਿੰਘ ਟੋਨੀ ਅਤੇ ਸ਼੍ਰੀਮਤੀ ਕਰਮਜੀਤ ਕੋਰ ਗਿਆਨਾ, ਕੌਂਸਲਰ ਸਾਹਿਬਾਨ ਨੇ ਸਮੁੱਚੇ ਹਾਊਸ ਦਾ ਧੰਨਵਾਦ ਕੀਤਾ।**

ਏਜੰਡਾ ਨੰਬਰ: 9:

ਰਿਪੋਰਟ ਸਟੋਰ ਕੀਪਰ ਕਿ ਫਾਇਰ ਸਟਾਫ ਦੀ ਠੰਡੀ ਵਰਦੀ ਜੋ ਕਿ ਸਾਲ 2016-17, 2017-18 ਅਤੇ ਸਾਲ 2018-19 ਅਤੇ ਗਰਮ ਵਰਦੀ ਸਾਲ 2016-17 ਦੀ ਡਿਊ ਹੈ। ਇਹਨਾਂ ਵਰਦੀਆਂ ਦੀ ਖਰੀਦ ਕਰਨ ਤੇ 968805/- ਰੁਪਏ ਖਰਚਾ ਆਵੇਗਾ। ਇਸ ਲਈ ਫਾਇਰ ਸਟਾਫ ਦੇ ਮੁਲਾਜ਼ਮਾਂ ਦੀਆਂ ਤਿੰਨ ਸਾਲ ਦੀਆਂ ਠੰਡੀਆਂ ਵਰਦੀਆਂ ਅਤੇ ਇਕ ਸਾਲ ਦੀ ਗਰਮ ਵਰਦੀ ਦੇਣ ਲਈ ਆਉਣ ਵਾਲੇ ਖਰਚੇ 968805/- ਰੁਪਏ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 110:** **ਪ੍ਰਵਾਨ ਹੈ।**

**ਏਜੰਡਾ ਨੰਬਰ: 10:**

ਰਿਪੋਰਟ ਫਾਇਰ ਬ੍ਰਿਗੇਡ ਸ਼ਾਖਾ ਕਿ ਦਫਤਰ ਫਾਇਰ ਬਿਗ੍ਰੇਡ ਵਿਖੇ ਤੇਲ ਦੀ ਅੱਗ ਬੁਝਾਉਣ ਲਈ ਫੋਮ ਘੱਟ ਹੈ। ਨਗਰ ਨਿਗਮ ਬਠਿੰਡਾ ਦੇ ਏਰੀਏ ਤਿੰਨ ਤੇਲ ਦੇ ਡਿਪੂ ਹਨ। ਗਰੋਥ ਸੈਂਟਰ ਵਿਖੇ ਦੋ ਐਲ.ਪੀ.ਜੀ ਬੋਟਲਿੰਗ ਪਲਾਂਟ ਹਨ। ਬਠਿੰਡੇ ਵਿੱਚ ਅਤੇ ਇਸ ਦੇ ਨਾਲ ਲੱਗਦੇ ਏਰੀਏ ਵਿੱਚ ਲਗਭਗ 250 ਦੇ ਕਰੀਬ ਪੈਟਰੋਲ ਪੰਪ ਹਨ। ਥਰਮਲ ਪਲਾਂਟ, ਐਨ.ਐਫ.ਐਲ ਪਲਾਂਟ, ਏਅਰ ਫੋਰਸ ਦਾ ਅੱਡਾ, ਮਿਲਟਰੀ ਛਾਉਣੀ, ਫੁਲੋਖਾਰੀ ਵਿਖੇ ਰਿਫਾਇਨਰੀ ਵੀ ਲੱਗੀ ਹੋਈ ਹੈ। ਇਸ ਲਈ ਉਪਰੋਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਬਠਿੰਡਾ ਫਾਇਰ ਬਿਗ੍ਰੇਡ ਲਈ ਫੋਮ ਕਮਪਾਉਂਡ (ਤੇਲ ਦੀ ਅੱਗ ਬੁਝਾਉਣ ਲਈ) ਦੀ ਬਹੁਤ ਜਰੂਰਤ ਹੈ।

ਤੇਲ ਦੀ ਅੱਗ ਬੁਝਾਉਣ ਲਈ **AFFF 6% Aquepus Film Foaming foam capacity 20 litter Per Cane ਪ੍ਰਤੀ ਕੇਨ ਦੀ ਕੀਮਤ 2800 ਰੁਪਏ ਲਗਭਗ 72 ਕੈਨ ਖਰੀਦ ਕਰਨ ਤੇ ਲਗਭਗ 200,000 ਰੁਪਏ ਖਰਚ ਆਉਣ ਦਾ ਅਨੁਮਾਨ ਹੈ।** ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 111:** **ਪ੍ਰਵਾਨ ਹੈ।**

**ਏਜੰਡਾ ਨੰਬਰ: 11:**

ਰਿਪੋਰਟ ਵਰਕਸ ਸ਼ਾਖਾ ਕਿ Waqf land measuring 77K-11M comprises in Khasra Nos. 43//1(7K-11M), 44//5(4-0), 6-Min (4-0), 43//20(8-0), 44//25(7-04), 47//1(1-16), 2(4-13), 44//3(8-0), 4(8-0), 8(8-0), 7(8-0) situated at Khanah Tehsil Haji Rattan Distt. Bathinda ਅਧੀਨ ਜਗ੍ਹਾ ਦੀ ਲੀਜ਼ ਨਗਰ ਨਿਗਮ ਦੇ ਨਾਮ ਅੱਗੇ ਵਧਾਉਣ ਲਈ ਇਸ ਦਫਤਰ ਵੱਲੋਂ ਪੱਤਰ ਨੰ: 3038/ਵ ਮਿਤੀ 26.11.2018 ਲਿਖਿਆ ਗਿਆ ਸੀ। ਜਿਸਦੇ ਜਵਾਬ ਵਿੱਚ ਵਕਫ ਬੋਰਡ ਵਿਭਾਗ ਵੱਲੋਂ ਪੱਤਰ ਨੰ: 3122 ਮਿਤੀ 30.11.2018 ਰਾਹੀਂ ਅਮੈਂਡੇਡ ਐਕਟ 2013 ਅਨੁਸਾਰ ਲੀਜ਼ ਰਿਨਿਊ ਕਰਨ ਲਈ ਸਬੰਧਤ ਦਸਤਾਵੇਜ਼ ਜਮ੍ਹਾਂ ਕਰਵਾਉਣ ਲਈ ਲਿਖਿਆ ਗਿਆ ਸੀ, ਜੋ ਕਿ ਨਗਰ ਨਿਗਮ ਵੱਲੋਂ ਪੱਤਰ ਨੰ: 629/ਵ ਮਿਤੀ 19.12.2018 ਰਾਹੀਂ ਜਮ੍ਹਾਂ ਕਰਵਾ ਦਿੱਤੇ ਗਏ ਸਨ। ਇਸ ਦੇ ਸਬੰਧ ਵਿੱਚ ਹੁਣ ਵਕਫ ਬੋਰਡ ਵਿਭਾਗ ਵੱਲੋਂ ਪੱਤਰ ਪ੍ਰਾਪਤ ਹੋਇਆ ਹੈ ਕਿ ਹੇਠ ਲਿਖੇ ਅਨੁਸਾਰ ਲੀਜ਼ ਮਨੀ ਵਕਫ ਬੋਰਡ ਪਾਸ ਜਮ੍ਹਾਂ ਕਰਵਾਈ ਜਾਵੇ :-

| | |
|---|---|
| Approximate amounts which will be charged after approval of lease :-<br>Arrear for<br>2013-14 to 2017-18 for 5 years @ Rs. Rs. 1,12,000/- p.a. | Rs. 5,60,000/- |
| **Rent/ Chakota for :-**<br>**(Approxiate Rates):-** | |
| 2018-19 | Rs. 1,55,000/- |
| 2019-20 | Rs. 1,62,750/- with 5% increase |
| 2020-21 | Rs. 1,70,887/- with 5 % increase |
| Security | Rs. 1,49,314/- |
| Application Fee | Rs. 10,000/- |

ਵਕਫ ਬੋਰਡ ਵਿਭਾਗ ਦੀ ਮੰਗ ਅਨੁਸਾਰ ਸਾਲ 2013-14 ਤੋ ਸਾਲ 2017-18 ਤੱਕ 5 ਸਾਲ ਦਾ ਪਿਛਲਾ ਬਕਾਇਆ 1,12,000/- ਰੁਪਏ ਪ੍ਰਤੀ ਸਾਲ ਦੇ ਹਿਸਾਬ ਨਾਲ 5,60,000/- ਰੁਪਏ ਅਤੇ ਸਾਲ 2018-19 ਤੋਂ ਸਾਲ 2020-21 ਦੀ ਲੀਜ਼ ਮਨੀ ਸਮੇਤ ਸਕਿਊਰਟੀ ਅਤੇ ਐਪਲੀਕੇਸ਼ਨ ਫੀਸ 647951/- ਰੁਪਏ ਕੁੱਲ (560000+647951) 12,07,951/- ਰੁਪਏ ਜਮ੍ਹਾਂ ਕਰਵਾਏ ਜਾਣੇ ਹਨ। ਇਹ ਬਣਦੀ ਲੀਜ਼ ਮਨੀ ਵਕਫ ਬੋਰਡ ਵਿਭਾਗ ਨੂੰ ਜਮ੍ਹਾਂ ਕਰਵਾਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਸ਼੍ਰੀ ਜਗਰੂਪ ਸਿੰਘ ਗਿੱਲ ਅਤੇ ਸ਼੍ਰੀ ਹਰਮਿੰਦਰ ਸਿੰਘ, ਕੌਂਸਲਰ ਸਾਹਿਬਾਨ ਨੇ ਕਿਹਾ ਕਿ ਨਗਰ ਨਿਗਮ ਪਾਸ ਵਕਫ ਬੋਰਡ ਦੀ ਤਕਰੀਬਨ 13 ਏਕੜ ਜਗ੍ਹਾ ਸੀ। ਉਹਨਾਂ ਮੰਗ ਕੀਤੀ ਕਿ ਪੂਰੀ ਜਗ੍ਹਾ ਦੀ ਲੀਜ਼ ਮਨੀ ਹੀ ਭਰੀ ਜਾਵੇ। ਇਸਤੇ ਕਮਿਸ਼ਨਰ ਸਾਹਿਬ ਨੇ ਦਸਿਆ ਕਿ ਨਗਰ ਨਿਗਮ ਵੱਲੋਂ ਆਪਣੀਆ ਪ੍ਰਾਪਰਟੀਆਂ ਦੇ ਰਿਕਾਰਡ ਨੂੰ ਡੀਜ਼ੀਟਲਾਇਜ਼ਡ ਕੀਤਾ ਜਾ ਰਿਹਾ ਹੈ। ਜਲਦ ਹੀ ਇਸ ਸਬੰਧੀ ਜਾਣਕਾਰੀ ਮੁਹਈਆ ਕਰਵਾਈ ਜਾਵੇਗੀ।**

**ਇਸਤੇ ਵਿਚਾਰ ਕਰਦੇ ਹੋਏ ਇਸ ਮੱਦ ਨੂੰ ਵਿਸਥਾਰ ਵਿੱਚ ਵਿਚਾਰਨ ਖਾਤਰ ਅਗਲੀ ਮੀਟਿੰਗ ਵਿੱਚ ਪੇਸ਼ ਕਰਨ ਦੀ ਹਦਾਇਤ ਕੀਤੀ ਗਈ।**

**ਮਤਾ ਨੰਬਰ 112:** **ਪੈਡਿੰਗ ਰੱਖਿਆ ਜਾਂਦਾ ਹੈ।**

**ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ :**

**ਏਜੰਡਾ ਨੰਬਰ: 1:**

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| Sr. No. | Name of Work | Estimate (in lac) |
|---|---|---|
| 1. | ਪੇਚ ਵਰਕ ਇਨ ਵਾਰਡ ਨੰਬਰ 01 | 3.57 |
| 2. | ਕੰਸ: ਆਫ ਡਰੇਨ ਟਾਇਪ-1 ਐਂਡ ਡਰੇਨ ਟਾਇਪ-2 ਇਨ ਕੋਠੇ ਸੁੱਚਾ ਸਿੰਘ | 3.23 |
| 3. | ਰੇਜ਼ਿੰਗ ਆਫ ਇੰਟਰਲਾਕਿੰਗ ਟਾਇਲਜ਼ ਜੇਲ ਰੋਡ ਵਾਰਡ ਨੰਬਰ 15 | 4.00 |
| 4. | ਰਿਪੇਅਰ ਆਫ 800mm dia ਰਾਇਜਿੰਗ ਮੇਨ ਅਲੋਗ ਦਿੱਲੀ ਰੇਲਵੇ ਲਾਇਨ (ਸੰਜੇ ਟੋਭਾ) | 6.38 |
| 5. | ਪੋ/ਲੇਇੰਗ ਇੰਟਲਾਕਿੰਗ ਟਾਇਲਜ਼ ਇੰਟ ਸਟਰੀਟ ਨੰਬਰ: 0,4,4-1/2 ਐਂਡ ਨੀਅਰ ਫਾਟਕ ਇੰਨ ਬਾਬਾ ਦੀਪ ਸਿੰਘ ਨਗਰ, ਜ਼ੋਨ ਨੰਬਰ: 8 | 21.54 |
| 6. | ਪੋ/ਲੇਇੰਗ ਓਪਨ ਗਰੇਡਡ 20mm pc ਵਿਦ ਟਾਇਪ ਬੀ-ਸੀਲ ਕੋਟ ਇੰਟ ਸਟਰੀਟ ਨੰਬਰ: 1, 2, 3/4, 3/5, 3/6,ਅਤੇ 10 ਇੰਨ ਬਾਬਾ ਦੀਪ ਸਿੰਘ ਨਗਰ, ਬਠਿੰਡਾ। | 11.00 |
| 7. | ਪ/ਲੇਇੰਗ 60 ਐਮ.ਐਮ. ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰਬਰ 2 ਆਫ ਅਮਰਪੁਰਾ ਬਸਤੀ | 13.90 |
| 8. | ਪ/ਲੇਇੰਗ 60 ਐਮ.ਐਮ. ਇੰਟਰਲਾਕਿੰਗ ਟਾਇਲਜ਼ ਇਨ ਸਟਰੀਟ ਨੰਬਰ 2-1/2 ਆਫ ਅਮਰਪੁਰਾ ਬਸਤੀ | 14.91 |
| 9. | ਰੈਨੋਵੇਸ਼ਨ ਆਫ ਰੋਜ਼ ਗਾਰਡਨ (ਫੁੱਟਪਾਥ ਵਰਕ) | 95.32 |

ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 113:** **ਪ੍ਰਵਾਨ ਹੈ।**

**ਮਜ਼ੀਦ ਪਾਸ ਕੀਤਾ ਗਿਆ ਕਿ :-**

1. ਸ੍ਰ: ਰਾਜਵਿੰਦਰ ਸਿੰਘ ਸਿੱਧੂ, ਕੌਂਸਲਰ, ਵਾਰਡ ਨੰਬਰ 13 ਦੇ ਗਰੋਥ ਸੈਂਟਰ ਦੀ ਛੋਟੀ ਟੈਂਕੀ ਤੋਂ ਲੈ ਕੇ ਜੱਸੀ ਪੌ ਵਾਲੀ ਦੇ ਤਕਰੀਬਨ 1.5 ਕਿਲੋਮੀਟਰ ਦੇ ਕੱਚੇ ਰਾਸਤੇ ਤੱਕ ਪੀਣ ਵਾਲੇ ਪਾਣੀ ਦੀ ਪਾਈਪ ਪਾਉਣਾ ਪਾਸ ਕੀਤਾ ਜਾਂਦਾ ਹੈ।
2. ਸ਼੍ਰੀਮਤੀ ਪ੍ਰੀਤਮ ਕੋਰ ਰੋਮਾਣਾ, ਕੌਂਸਲਰ, ਵਾਰਡ ਨੰਬਰ 31 ਵਿੱਚ ਗੁਰੂ ਨਾਨਕ ਪੁਰਾ ਬਠਿੰਡਾ ਵਿਖੇ ਬਾਬਾ ਬੱਚਿਤਰ ਸਿੰਘ ਯਾਦਗਾਰੀ ਗੇਟ ਬਨਾਉਣਾ ਪਾਸ ਕੀਤਾ ਜਾਂਦਾ ਹੈ।
3. ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਵਾਰਡ ਨੰਬਰ 25 ਦੀਆਂ ਗਲੀਆਂ ਵਿੱਚ ਵਾਟਰ ਸਪਲਾਈ ਦੀਆਂ ਪਾਈਪਾਂ 10 ਫੁੱਟ ਨੀਵੀਆਂ ਹੋਣ ਕਾਰਨ ਗਲੀ ਨੰ: 17, 18 ਅਤੇ ਗਲੀ ਨੰਬਰ 20 ਅਮਰੀਕ ਸਿੰਘ ਰੋਡ ਨਾਮਦੇਵ ਰੋਡ ਮਾਨ ਪੈਟਰੋਲ ਪੰਪ ਦੇ ਸਾਹਮਣੇ ਵਾਲੀ ਗਲੀ ਵਿੱਚ ਪਾਣੀ ਦੀਆਂ ਨਵੀਆਂ ਪਾਈਪਾਂ ਪਾਉਣਾ ਪਾਸ ਕੀਤਾ ਜਾਂਦਾ ਹੈ ਅਤੇ ਵੀਰ ਕਲੋਨੀ, ਸ਼ਕਤੀ ਨਗਰ ਅਤੇ ਨਿਊ ਸ਼ਕਤੀ ਨਗਰ ਦੇ ਪਾਰਕ ਵਿੱਚ ਓਪਨ ਏਅਰ ਜਿੰਮ ਲਗਾਉਣਾ ਪਾਸ ਕੀਤਾ ਜਾਂਦਾ ਹੈ।
4. ਸ੍ਰ: ਹਰਪਾਲ ਸਿੰਘ ਢਿੱਲੋਂ, ਕੌਂਸਲਰ, ਵਾਰਡ ਨੰਬਰ 7 ਵਿੱਚ ਰਹਿੰਦੇ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਕੰਮਾਂ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
5. ਸ਼੍ਰੀਮਤੀ ਗੁਰਮੀਤ ਕੋਰ, ਕੌਂਸਲਰ, ਵਾਰਡ ਨੰਬਰ 49 ਦੇ ਵਾਰਡ ਦੀ ਗਲੀ ਨੰਬਰ 1 ਵਿੱਚ ਸੜ੍ਹਕ ਜਲਦ ਤੋ ਜਲਦ ਸੜ੍ਹਕ ਬਣਾਈ ਜਾਵੇ, ਜਿਸਦਾ ਤਖਮੀਨਾ ਪਹਿਲਾਂ ਹੀ ਪਾਸ ਹੈ।
6. ਸ੍ਰ: ਬੇਅੰਤ ਸਿੰਘ ਰੰਧਾਵਾ, ਕੌਂਸਲਰ, ਵਾਰਡ ਨੰਬਰ 19 ਦੇ ਪਾਰਕ ਨੰਬਰ 93 ਵਿੱਚ ਓਪਨ ਏਅਰ ਜਿੰਮ ਅਤੇ ਗਜ਼ੀਬੋ ਲਗਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
7. ਭਾਗੂ ਰੋਡ ਗਲੀ ਨੰਬਰ 16/16-ਏ ਅਤੇ ਸਿਵਲ ਲਾਈਨ ਏਰੀਏ ਵਿੱਚ ਹੋਣ ਵਾਲੇ ਇੰਟਰਲਾਕਿੰਗ ਟਾਇਲਾਂ ਦੇ ਕੰਮ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
8. ਪਰਸ ਰਾਮ ਨਗਰ, ਅੰਡਰਗਰਾਊਂਡ ਬਰਿਜ ਵਿਖੇ ਰੰਗ ਰੋਗਣ ਕਰਨ ਲਈ ਸਵੱਛ ਭਾਰਤ ਮਿਸ਼ਨ ਤਹਿਤ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
9. ਸਰਹਿੰਦ ਨਹਿਰ ਤੇ ਫੂਹਾਰੇ ਠੀਕ ਕਰ ਕੇ ਚਲਾਉਣ ਅਤੇ ਭਾਈ ਘਨਇਆ ਚੌਂਕ ਵਿੱਚ ਗਜ਼ੀਬੋ ਬਨਾਉਣ ਤੇ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

**ਏਜੰਡਾ ਨੰਬਰ: 2:**

ਦਫਤਰੀ ਰਿਪੋਰਟ ਕਿ ਨਗਰ ਨਿਗਮ, ਬਠਿੰਡਾ ਨੂੰ PMIDC ਪਾਸੋਂ ਮਿਤੀ 14-12-2012 ਨੂੰ 1242.00 ਲੱਖ ਰੁਪਏ ਅਤੇ ਮਿਤੀ 10.12.2013 ਨੂੰ 226.00 ਲੱਖ ਰੁਪਏ ਕੁਲ 1468.00 ਲੱਖ ਰੁਪਏ ਵਿਕਾਸ ਦੇ ਕੰਮਾਂ ਖਾਤਰ ਪ੍ਰਾਪਤ ਹੋਏ ਸਨ।

ਨਿਰਧਾਰਤ ਪਾਸ ਹੋਏ ਕੰਮ ਕਰਾਉਣ ਉਪਰੰਤ ਕੁਝ ਕੰਮਾਂ ਦੀ ਸੇਵਿੰਗ ਦੀ ਰਾਸ਼ੀ ਬਚ ਗਈ ਸੀ। ਬਠਿੰਡਾ ਵਿਖੇ ਬੁਨਿਆਦੀ ਸਹੂਲਤਾਂ ਨਾਲ ਸਬੰਧਤ ਕਈ ਵਿਕਾਸ ਦੇ ਕੰਮ ਹੋਣ ਵਾਲੇ ਹਨ। ਇਸ ਲਈ ਹਾਊਸ ਦੀ ਮੰਗ

ਅਨੁਸਾਰ PMIDC ਪਾਸੋਂ ਪ੍ਰਾਪਤ ਹੋਏ ਫੰਡਾਂ ਵਿੱਚੋਂ ਬਚਦੀ ਰਾਸ਼ੀ ਸਮੇਤ ਵਿਆਜ਼ ਸ਼ਹਿਰ ਵਿੱਚ ਕੀਤੇ ਜਾਣ ਵਾਲੇ ਵਿਕਾਸ ਦੇ ਕੰਮਾਂ ਤੇ ਖਰਚ ਕਰਨ ਦੀ ਪ੍ਰਵਾਨਗੀ ਸਰਕਾਰ ਪਾਸੋਂ ਲਈ ਜਾਵੇ। ਕੇਸ ਸਰਕਾਰ ਦੀ ਮੰਨਜ਼ੂਰੀ ਲੈਣ ਲਈ ਭੇਜਣ ਹਿੱਤ।

<u>ਮਤਾ ਨੰਬਰ 114:</u> ਪ੍ਰਵਾਨ ਹੈ।

ਸ਼੍ਰੀ ਪੰਕਜ ਅਰੋੜਾ, ਕੌਂਸਲਰ ਨੇ ਕਿਹਾ ਕਿ ਸ਼੍ਰੀ ਪਰਮਜੀਤ ਸਿੰਘ ਡਰਾਈਵਰ ਕੰਪਿਊਟਰ ਦਾ ਕੰਮ ਬਹੁਤ ਚੰਗੀ ਤਰਾਂ ਜਾਣਦਾ ਹੈ। ਇਹ ਆਪਣਾ ਕੰਮ ਬੜੀ ਹੀ ਮਿਹਨਤ ਅਤੇ ਤਨਦੇਹੀ ਨਾਲ ਕਰਦਾ ਹੈ। ਉਹਨਾਂ ਮੰਗ ਕੀਤੀ ਕਿ ਇਸ ਕਰਮਚਾਰੀ ਦਾ ਕੈਡਰ ਬਦਲ ਕੇ ਕਲੱਰਕ ਕੀਤਾ ਜਾਵੇ।

ਉਹਨਾਂ ਇਹ ਵੀ ਕਿਹਾ ਕਿ ਸ਼੍ਰੀ ਰਵਿੰਦਰ ਕੁਮਾਰ ਸਿੰਗਲਾ, ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਜੋ ਮਿਤੀ 28.02.2019 ਨੂੰ ਰਿਟਾਇਰ ਹੋ ਰਹੇ ਹਨ। ਇਹਨਾਂ ਨੇ ਤਕਰੀਬਨ 27 ਸਾਲ ਨਗਰ ਨਿਗਮ ਵਿਖੇ ਅਤੇ ਤਕਰੀਬਨ 13 ਸਾਲ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵਿਖੇ ਨੋਕਰੀ ਕੀਤੀ ਹੈ। ਉਹਨਾਂ ਜਾਣੂ ਕਰਵਾਇਆ ਕਿ ਬਠਿੰਡਾ ਦੀ ਟੋਪੋਗ੍ਰਾਫੀ ਬਹੁਤ ਜਿਆਦਾ ਡਿਫੀਕਲਟ ਹੈ। ਇਸ ਵਿੱਚ ਬਹੁਤ ਜਿਆਦਾ ਉੱਚਾ ਨੀਵਾਂ ਏਰੀਆ ਹੋਣ ਕਾਰਨ ਪਾਣੀ ਅਤੇ ਸੀਵਰੇਜ਼ ਦੀਆਂ ਲਾਈਨਾਂ ਦੀ ਇਸ ਅਧਿਕਾਰੀ ਨੂੰ ਚੰਗੀ ਤਰ੍ਹਾਂ ਪਤਾ ਹੈ। ਇਸਤੋਂ ਇਲਾਵਾ ਤ੍ਰਿਵੇਣੀ ਕੰਪਨੀ ਵੱਲੋਂ ਕੰਮ ਠੀਕ ਨਾ ਕਰਨ ਕਾਰਨ ਇੱਕ ਸੁਲਝੇ ਹੋਏ ਨਿਗਮ ਇੰਜੀਨੀਅਰ ਦੀ ਅਤਿ ਜਰੂਰਤ ਹੈ। ਉਹਨਾਂ ਦਸਿਆ ਕਿ ਬਠਿੰਡਾ ਵਿਖੇ **AMRUT Scheme** ਅਧੀਨ ਪਾਣੀ ਅਤੇ ਸੀਵਰੇਜ਼ ਦੇ ਕੰਮ ਸ਼ੁਰੂ ਹੋਣ ਜਾ ਰਹੇ ਹਨ, ਜਿਸ ਖਾਤਰ ਇੰਨ੍ਹਾਂ ਕੰਮਾਂ ਦੀ ਸੁੱਚਜੇ ਢੰਗ ਨਾਲ ਮਾਨੀਟਰਿੰਗ ਕਰਨ ਲਈ ਨਿਗਮ ਇੰਜੀਨੀਅਰ (ਓ.ਐਂਡ ਐਮ.) ਦੀ ਅਤਿ ਜਰੂਰਤ ਹੋਵੇਗੀ। ਉਹਨਾਂ ਇਹ ਵੀ ਕਿਹਾ ਕਿ ਕਿਉਂ ਜੋ ਪਾਣੀ ਅਤੇ ਸੀਵਰੇਜ਼ ਦੇ ਓ.ਐਂਡ ਐਮ. ਦਾ ਕੰਮ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਪਾਸੋਂ ਲੈ ਕੇ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਣਾ ਹੈ। ਇਸ ਲਈ ਸ਼੍ਰੀ ਰਵਿੰਦਰ ਕੁਮਾਰ ਸਿੰਗਲਾ ਨੂੰ ਰਿਟਾਇਰ ਹੋਣ ਉਪਰੰਤ ਆਉਟਸੋਰਸ ਤੇ ਰੱਖ ਲਿਆ ਜਾਵੇ।

ਇਸਤੇ ਸਮੁੱਚੇ ਹਾਊਸ ਵੱਲੋਂ ਸਹਿਮਤੀ ਪ੍ਰਗਟਾਈ ਗਈ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ.ਟੂ ਮੇਅਰ
2. ਪੀ.ਏ. ਟੂ ਕਮਿਸ਼ਨਰ
3. ਨਿਗਰਾਨ ਇੰਜੀਨੀਅਰ
4. ਸਮੂਹ ਨਿਗਮ ਇੰਜੀਨੀਅਰ/ ਸਹਾਇਕ ਨਿਗਮ ਇੰਜੀਨੀਅਰ
5. ਮਿਉਂਸਪਲ ਟਾਊਨ ਪਲੈਨਰ
6. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
7. ਡਿਪਟੀ ਕੰਟਰੋਲਰ (ਲੋਕਲ ਆਡਿਟ)
8. ਸਮੂਹ ਸੁਪਰਡੈਂਟ
9. ਸਿਹਤ ਅਫਸਰ/ਚੀਫ ਸੈਨਟਰੀ ਇੰਸਪੈਕਟਰ
10. ਸਹਾਇਕ ਮੰਡਲ ਫਾਇਰ ਅਫਸਰ
11. ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਮੰਡਲ ਨੰ: 1 ਅਤੇ 2
12. ਸਟੋਰ ਕੀਪਰ

ਪਾਸ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੁਪਰਡੈਂਟ
ਨਗਰ ਨਿਗਮ,ਬਠਿੰਡਾ।